# ਕੈਨੇਡਾ ਦਰਪਣ

16 ਅਕਤੂਬਰ, 1987

**October 16, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ WEEKENDING OCTOBER 16, Vol. 6 No. 37 Out of Greater Vancouver 65¢ Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## ਅਕਾਲ ਤਖਤ ਦੇ ਜਥੇਦਾਰ ਦਾ ਬਿਆਨ :

# "ਫੈਸਲਾ ਸਟੇਨਗੰਨਾਂ ਨਾਲ ਨਹੀਂ"

ਚੰਡੀਗੜ੍ਹ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਅਕਾਲ ਤਖਤ ਦੇ ਜਥੇਦਾਰ ਰਾਗੀ ਦਰਸ਼ਨ ਸਿੰਘ ਨੇ ਸਖਤ ਸ਼ਬਦਾਂ ਵਿਚ ਤਾੜਨਾ ਕਰਦਿਆਂ ਕਿਹਾ ਹੈ ਕਿ ਸਟੇਨਗੰਨਾਂ ਨਾਲ ਕੋਈ ਫੈਸਲਾ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਜੇ ਕਤਲ ਕਰਕੇ ਹੀ ਫੈਸਲਾ ਹੋਣਾ ਹੁੰਦਾ ਤਾਂ ਹੁਣ ਤੱਕ ਹੋ ਜਾਣਾ ਸੀ। ਉਨ੍ਹਾਂ ਕਿਹਾ ਕਿ ਇਹ ਅਖੌਤੀ 'ਪੰਥਕ ਕਮੇਟੀ' ਦੇਸ਼ ਦੀ ਅਮਾਨਤ ਨੌਜਵਾਨ ਪਨੀਰੀ ਨੂੰ ਗ਼ਲਤ ਰਾਹ ਉਤੇ ਪਾਕੇ ਮਰਵਾਉਣ ਉਤੇ ਤੁਲੀ ਹੋਈ ਹੈ। ਪਹਿਲਾਂ 'ਪੰਥਕ ਕਮੇਟੀ' ਨੇ ਅਕਾਲ ਤਖਤ ਦੇ ਜਥੇਦਾਰ ਨੂੰ 'ਚੁੱਪ ਹੋਣ' ਦੀ ਧਮਕੀ ਦਿੱਤੀ ਸੀ।

### 'ਸਰਬੱਤ ਖਾਲਸਾ' ਲਈ ਯੋਗ ਸਮਾਂ ਨਹੀਂ

ਜਥੇਦਾਰ ਦਰਸ਼ਨ ਸਿੰਘ ਨੇ ਆਪਣੇ ਬਿਆਨ ਵਿਚ ਕਿਹਾ ਕਿ ਇਹ ਸਮਾਂ 'ਸਰਬੱਤ ਖਾਲਸਾ' ਸੱਦਣ ਦਾ ਨਹੀਂ। ਉਨ੍ਹਾਂ ਕਿਹਾ ਕਿ ਸਿੱਖ ਤਾਂ ਸ੍ਰੀ ਹਰਿਮੰਦਰ ਸਾਹਿਬ ਜਾਣ ਤੋਂ ਹੀ ਤਰਿਹਦੇ ਹਨ — ਸਰਬੱਤ ਖਾਲਸਾ ਕਿਵੇਂ ਹੋਵੇਗਾ ? ਜਥੇਦਾਰ ਦੇ ਇਸ ਬਿਆਨ ਨਾਲ ਦਹਿਸ਼ਤਪਸੰਦ ਜਥੇਬੰਦੀਆਂ ਵਿਚ ਕਾਫੀ ਹਲਚਲ ਹੋਈ ਦੱਸੀ ਗਈ ਹੈ।

ਅੰਮ੍ਰਿਤਸਰ ਤੋਂ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਬਹੁਤੇ ਦਹਿਸ਼ਤਪਸੰਦ ਆਗੂ ਹਰਿਮੰਦਰ ਕੰਪਲੈਕਸ ਤੋਂ ਖਿਸਕ ਗਏ ਹਨ ਅਤੇ ਉਹ ਹੁਣ ਸਰਕਾਰ ਨੂੰ ਗੱਲਬਾਤ ਲਈ ਮਜਬੂਰ ਕਰਨ ਲਈ ਲਗਾਤਾਰ ਕਤਲਾਂ ਦਾ ਸਿਲਸਿਲਾ ਜਾਰੀ ਰੱਖਣ ਦਾ ਵਿਚਾਰ ਬਣਾਈ ਬੈਠੇ ਹਨ।

### ਪੰਜਾਬ ਵਿਚ ਨੌਂ ਕਤਲ

ਕੱਲ੍ਹ ਪੰਜਾਬ ਵਿਚ ਵੱਖ ਵੱਖ ਥਾਵਾਂ ਉਤੇ ਦਹਿਸ਼ਤਪਸੰਦਾਂ ਵਲੋਂ 9 ਕਤਲ ਕੀਤੇ ਗਏ ਅਤੇ ਇਕ ਦਹਿਸ਼ਤਪਸੰਦ ਮਾਰਿਆ ਗਿਆ। ਮੰਗਲਵਾਰ ਨੂੰ ਪੰਜਾਬ ਵਿਚ ਛੇ ਕਤਲ ਹੋਏ ਅਤੇ ਦੋ ਦਹਿਸ਼ਤਪਸੰਦ ਵੀ ਮਾਰੇ ਗਏ।

### ਬਲਵਿੰਦਰ ਸਿੰਘ ਹਲਾਕ

ਖਾਲਿਸਤਾਨੀ ਕਮਾਂਡੋ ਫੋਰਸ ਦਾ ਇਕ ਅਹਿਮ ਆਗੂ ਬਲਵਿੰਦਰ ਸਿੰਘ ਮਾਰਿਆ ਗਿਆ। ਇਹ ਘਟਨਾ ਅੰਮ੍ਰਿਤਸਰ ਵਿਚ ਵਾਪਰੀ। ਗੁਰਦੁਆਰਾ ਸ਼ਹੀਦਾਂ ਵਿਚ ਇਕ ਹੋਰ ਦਹਿਸ਼ਤਪਸੰਦ ਦੇ ਮਾਰੇ ਜਾਣ ਦੀ ਖਬਰ ਹੈ। ਅੰਮ੍ਰਿਤਸਰ ਦੇ ਹੀ ਭਿੰਡਰ ਪਿੰਡ ਵਿਚ ਦੋ ਵਿਅਕਤੀ ਜ਼ਖਮੀ ਹੋਏ।

ਬਾਕੀ ਪੰਨਾ 3 'ਤੇ

## ਕਾਮਨਵੈਲਥ ਕਾਨਫਰੰਸ

## ਦਹਿਸ਼ਤਪਸੰਦਾਂ ਨੂੰ ਪੁਲਸ ਵਲੋਂ ਚਿਤਾਵਨੀ

ਵੈਨਕੂਵਰ — 'ਪ੍ਰੋਵਿੰਨਸ' ਵਿਚ ਸਲੀਮ ਜੀਵਾ ਦੀ ਰੀਪੋਰਟ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਉਤੇ ਹਮਲੇ ਬਾਰੇ ਕੈਨੇਡਾ ਦੀ ਪੁਲਸ ਨੇ ਦਹਿਸ਼ਤਪਸੰਦਾਂ ਨੂੰ ਤਾੜਨਾ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਨੇੜੇ ਜਾਣ ਦੀ ਕੋਸ਼ਿਸ਼ ਨਾ ਕਰਨ ਕਿਉਂਕਿ ਕੈਨੇਡਾ ਸਰਕਾਰ ਨੇ ਬਾਹਰਲੇ ਦੇਸ਼ਾਂ ਤੋਂ ਆ ਰਹੇ ਕਾਮਨਵੈਲਥ ਦੇ ਆਗੂਆਂ ਲਈ ਬਹੁਤ ਸਖਤ ਸੁਰੱਖਿਆ ਪ੍ਰਬੰਧ ਕੀਤੇ ਹਨ। ਸੁਰੱਖਿਆ ਉਤੇ 20 ਮਿਲੀਅਨ ਡਾਲਰ ਖਰਚਿਆ ਜਾ ਰਿਹਾ ਹੈ।

### ਫੈਡਰੇਸ਼ਨ ਦੇ ਬੁਲਾਰੇ ਦਾ ਬਿਆਨ

ਅਖਬਾਰ ਅਨੁਸਾਰ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਖੁਫੀਆ ਏਜੰਸੀਆਂ ਦੇ ਬੰਦੇ ਉਸ ਨੂੰ ਛੇ ਵਾਰ ਮਿਲ ਚੁਕੇ ਹਨ। ਬੁਲਾਰੇ ਨੇ ਕਿਹਾ ਕਿ ਕੈਨੇਡਾ ਦੀ ਖੁਫੀਆ ਏਜੰਸੀ ਤੇ ਪੁਲਸ ਫੈਡਰੇਸ਼ਨ ਦੇ ਹੋਰ ਮੈਂਬਰਾਂ ਨੂੰ ਵੀ ਮਿਲੀ ਹੈ। ਬੁਲਾਰੇ ਅਨੁਸਾਰ ਫੈਡਰੇਸ਼ਨ ਦੇ ਮੈਂਬਰਾਂ ਨੂੰ ਤੰਗ ਕਰਨ ਵਾਲੀ ਸਥਿਤੀ ਪੈਦਾ ਕੀਤੀ ਗਈ ਹੈ।

### ਸੁਰੱਖਿਆ ਪ੍ਰਬੰਧ

ਵੈਨਕੂਵਰ ਵਿਚ ਏਨੇ ਸੁਰੱਖਿਆ ਪ੍ਰਬੰਧ ਪਹਿਲਾਂ ਕਦੇ ਨਹੀਂ ਕੀਤੇ ਗਏ। ਚਾਰ ਹਜ਼ਾਰ ਪੁਲਸੀਏ, ਖੁਫੀਆ ਵਿਭਾਗ ਦੇ ਕਰਮਚਾਰੀ ਤੇ ਫੌਜੀ ਸੁਰੱਖਿਆ ਲਈ ਲਾਮਬੰਦ ਕੀਤੇ ਜਾ ਰਹੇ ਹਨ। ਕੈਨੇਡਾ ਦੇ ਇਤਿਹਾਸ ਵਿਚ ਏਡੇ ਵੱਡੇ ਪ੍ਰਬੰਧ ਪਹਿਲੀ ਵਾਰ ਕੀਤੇ ਜਾ ਰਹੇ ਹਨ।

ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਪ੍ਰੋਫੈਸਰ ਐਲਨ ਕਨਿੰਘਮ ਨੇ ਕਿਹਾ ਕਿ ਦਹਿਸ਼ਤਪਸੰਦਾਂ ਨੂੰ ਰੋਕਣਾ ਅਸੰਭਵ ਹੈ। ਉਨ੍ਹਾਂ ਕਿਹਾ ਜੇ ਕੋਈ ਰਾਜੀਵ ਗਾਂਧੀ ਜਾਂ ਮਾਰਗਰੇਟ ਥੈਚਰ ਉਤੇ ਹਮਲਾ ਕਰਨ ਵਾਲਾ ਪੱਕਾ ਦਹਿਸ਼ਤਪਸੰਦ ਹੋਵੇ ਤਾਂ ਇਹ ਹਮਲਾ ਰੋਕਿਆ ਨਹੀਂ ਜਾ ਸਕਦਾ। ਮਾਰਗਰੇਟ ਥੈਚਰ ਹੈ ਹਮੇਸ਼ਾ ਆਇਰਸ਼ ਰੀਪਬਲਿਕ ਆਰਮੀ ਤੋਂ ਖਤਰਾ ਬਣਿਆ ਹੋਇਆ ਹੈ। ਯਾਦ ਰਹੇ ਕਿ ਉਸ ਉਤੇ ਪਹਿਲਾਂ ਵੀ ਮਾਰੂ ਹਮਲਾ ਹੋ ਚੁਕਾ ਹੈ।

ਪ੍ਰੋ: ਕਨਿੰਘਮ ਨੇ ਕਿਹਾ ਕਿ ਬਹੁਤੇ ਹਿਫਾਜ਼ਤੀ ਪ੍ਰਬੰਧ ਰਾਜੀਵ ਗਾਂਧੀ ਅਤੇ ਮਾਰਗਰੇਟ ਥੈਚਰ ਲਈ ਕੀਤੇ ਜਾ ਰਹੇ ਹਨ — ਇਹ ਵੀ ਹੋ ਸਕਦਾ ਹੈ ਕਿ ਦੂਜਿਆਂ ਲੀਡਰਾਂ ਵੱਲ ਬਹੁਤ ਧਿਆਨ ਨਾ ਦਿੱਤਾ ਜਾ ਸਕੇ ਤਾਂ ਉਹ ਦਹਿਸ਼ਤਗਰਦੀ ਦਾ ਸ਼ਿਕਾਰ ਹੋ ਜਾਣ।

### ਸਿੱਖ ਸੰਸਥਾਵਾਂ ਵਲੋਂ ਮੁਜ਼ਾਹਰਾ

12 ਅਕਤੂਬਰ ਨੂੰ ਪੰਜ ਸਿੱਖ ਸੰਸਥਾਵਾਂ ਵਲੋਂ ਇਕ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ ਜਿਸ ਵਿਚ ਰਾਜੀਵ ਗਾਂਧੀ ਸਰਕਾਰ ਵਿਰੁਧ ਰੋਸ ਪ੍ਰਗਟਾਇਆ ਜਾਵੇਗਾ। ਇਹ ਮੁਜ਼ਾਹਰਾ ਇਕ ਵਜੇ ਰੌਬਸਨ ਸਕੁਏਰ ਵੈਨਕੂਵਰ ਵਿਖੇ ਹੋਵੇਗਾ ਜਿਸ ਵਿਚ ਗੁਰਦੁਆਰਿਆਂ ਵਲੋਂ ਲੋਕਾਂ ਨੂੰ ਲਿਜਾਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਕ ਬੁਲਾਰੇ ਅਨੁਸਾਰ ਪੰਦਰਾਂ ਹਜ਼ਾਰ ਲੋਕਾਂ ਦੇ ਪਹੁੰਚਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਯਾਦ ਰਹੇ ਕਿ ਕਾਮਨਵੈਲਥ ਕਾਨਫਰੰਸ 13 ਅਕਤੂਬਰ ਤੋਂ 17 ਅਕਤੂਬਰ ਤੱਕ ਹੋ ਰਹੀ ਹੈ।



ਏ. ਸੀ. ਜਿਊਲਰਜ਼



9373 - 120 St. Delta, B.C.

PH. 588-5808

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

# PARADISE & NEW ART FILMS

PROUDLY PRESENT

## ਵੈਨਕੂਵਰ ਵਿਚ ਫ਼ਿਲਮੀ ਸਿਤਾਰੇ ਅਤੇ ਸਿੰਗਰਾਂ ਦਾ

# ਰੰਗਾ ਰੰਗ ਪ੍ਰੋਗਰਾਮ



**Milan Singh** — Golden Voice Wonder



**Sulakshan Pandit** — Melody Queen



**Vijyata** — The Teenage Heartthrob of "Love Story"



Ranjeeta

ਚੋਟੀ ਦੀਆਂ ਐਕਟਰਸਾਂ

**ਰਣਜੀਤਾ, ਸੁਲਕਸ਼ਨਾ ਪੰਡਿਤ,**

**ਵਿਜੇਤਾ ਪੰਡਿਤ**

ਤੇ

**ਡਾਂਸਰ ਜੈ ਸ਼ਿਰੀ ਟੀ.**

ਪਹਿਲੀ ਵਾਰ ਵੈਨਕੂਵਰ ਵਿਚ ਨਾਲ ਹਨ

**ਅਕਬਰ ਖਾਨ ਤੇ ਰਣਜੀਤ**

**ਕਾਮੇਡੀਅਨ ਸਾਹਿਰ ਵਿਜਨੌਰੀ**

**ਸਿੰਗਰ ਮਿਲਨ ਸਿੰਘ**

**(Male ਤੇ Female ਆਵਾਜ਼)**



**JAYSHREE T.**— Thundering Thighs

**ਸਿੰਗਰ ਲਲਿਤ — ਗੀਤਕਾਰ ਇੰਦੀਵਰ**

**ਬੰਬਈ ਦੀ ਫਿਲਮ ਇੰਡਸਟਰੀ ਦੇ ਮਸ਼ਹੂਰ ਮਿਊਜ਼ਕ ਡਾਇਰੈਕਟਰ ਅਤੇ ਸਿੰਗਰ**



Akbar Khan

**ਮਨਧੀਰ ਤੇ ਜੀਤੀਨ (with 10 piece Orchestra)**

# LIVE SHOW & DANCE

in original filmi costumes



Ranjit

## Queen Elizabeth Theatre

# Sun. Nov. 1st '87 at 7 p.m.

**For more information Call :**

**Mangat Dhami — 591-1993**

**Indresh — 435-3638**

**Tickets Available From :**

Goyal Video — 877-7778
Paramount Video — 584-5668
Annu Video — 324-1272
Soni & Sons Jewellers — 324-1012
Mann Music — 321-6667
Tasleem's Video — 873-2132, 325-9110
Bride & Groom Shop — 324-5662, 435-2421
Nishan Foods — 433-3207
Payl Saree — 584-6011
Sapna Sarees — 435-0056

**Tickets : $15, $20, $25**

# ਕੈਨੇਡਾ ਅਮਰੀਕਾ ਦੀ 51ਵੀਂ ਸਟੇਟ ਬਣੇਗੀ?

## ਦੋਵਾਂ ਦੇਸ਼ਾਂ ਵਿਚ ਖੁਲ੍ਹੇ ਵਪਾਰ ਦਾ ਸਮਝੌਤਾ

ਅਟਵਾ — ਪਿਛਲੇ ਸ਼ਨਿਚਰਵਾਰ ਅਸੂਲੀ ਤੌਰ ਉਤੇ ਕੈਨੇਡਾ ਅਤੇ ਅਮਰੀਕਾ ਵਿਚ ਖੁਲ੍ਹੇ ਵਪਾਰ ਸੰਬੰਧੀ ਸਮਝੌਤੇ ਉਤੇ ਦਸਤਖਤ ਹੋਏ ਜੋ ਅਗਲੇ 90 ਦਿਨਾਂ ਵਿਚ ਵਿਚਾਰਿਆ ਜਾਵੇਗਾ। ਟੋਰੀ ਸਰਕਾਰ ਨੇ ਇਹ ਸਮਝੌਤਾ ਆਪਣੀ ਡਿੱਗੀ ਸਾਖ ਬਹਾਲ ਕਰਨ ਲਈ ਕੀਤਾ ਹੈ ਜਦ ਕਿ ਲਿਬਰਲ ਤੇ ਐਨ. ਡੀ. ਪੀ. ਖੁਲ੍ਹੇ ਵਪਾਰ ਦੇ ਵਿਰੁੱਧ ਹਨ। ਓਨਟੇਰੀਓ, ਮੈਨੀਟੋਬਾ ਤੇ ਪ੍ਰਿੰਸ ਐਡਵਰਡ ਆਈਲੈਂਡ ਦੇ ਪ੍ਰੀਮੀਅਰਾਂ ਨੇ ਸਮਝੌਤੇ ਦਾ ਵਿਰੋਧ ਕੀਤਾ ਹੈ।

### ਸਮਝੌਤੇ ਵਿਚ ਕੀ ਹੈ ?

ਇਸ ਸਮਝੌਤੇ ਅਨੁਸਾਰ ਅਮਰੀਕਾ ਜਿਨਾਂ ਮਰਜ਼ੀ ਪੈਸਾ ਕੈਨੇਡਾ ਵਿਚ ਲਾ ਸਕਦਾ ਹੈ, ਕੰਪਨੀਆਂ ਕਾਨਟ੍ਰੈਕਟ ਲੈ ਸਕਦੀਆਂ ਹਨ, ਅਮਰੀਕਾ ਨੂੰ ਹਰ ਕਿਸਮ ਦੀ ਖੁਲ੍ਹੀ ਛੁੱਟੀ ਹੋਵੇਗੀ ਕਿ ਉਹ ਸ਼ਰਾਬ, ਫਲ, ਸਬਜ਼ੀਆਂ, ਕਾਰਾਂ ਸ਼ਰੇਆਮ ਕੈਨੇਡਾ ਵਿਚ ਵੇਚ ਸਕੇਗਾ। ਤੇਲ, ਗੈਸ, ਪੈਟਰੋਲ, ਡੀਜ਼ਲ ਅਮਰੀਕਾ ਖੁਲੇ ਤੌਰ ਉਤੇ ਕੈਨੇਡਾ ਤੋਂ ਲੈ ਸਕੇਗਾ। ਸੂਤਰਾਂ ਅਨੁਸਾਰ ਓਕਨਾਗਨ ਦਾ ਇਲਾਕਾ ਤੇ ਫਰੇਜ਼ਰ ਵੈਲੀ ਦੇ ਫਾਰਮਰ ਬੁਰੀ ਤਰ੍ਹਾਂ ਇਸ ਦੀ ਮਾਰ ਹੇਠ ਆਉਣਗੇ। ਜੰਗਲਾਤ ਦੇ ਮਹਿਕਮੇ ਨੂੰ ਵੀ ਬਹੁਤਾ ਫਾਇਦਾ ਹੋਣ ਦੀ ਸੰਭਾਵਨਾ ਨਹੀਂ।

### ਚੋਣਾਂ ਛੇਤੀ ?

ਰਾਜਸੀ ਦਰਸ਼ਕਾਂ ਦਾ ਕਹਿਣਾ ਹੈ ਕਿ ਕੈਨੇਡਾ ਦੇ ਲੋਕਾਂ ਵਲੋਂ ਵੱਡੇ ਪੈਮਾਨੇ ਉਤੇ ਇਸ ਦਾ ਵਿਰੋਧ ਹੋਵੇਗਾ। ਹੋ ਸਕਦਾ ਹੈ ਕਿ ਪ੍ਰਧਾਨ ਮੰਤਰੀ ਨੂੰ ਚੋਣਾਂ ਜਲਦੀ ਕਰਵਾਉਣੀਆਂ ਪੈਣ।


## ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ

# ਡਿਨਰ

**ਸ਼ੁਕਰਵਾਰ, ਅਕਤੂਬਰ 16, 1987**

**ਸਕਾਟਿਸ਼ ਕਲਚਰਲ ਸੈਂਟਰ — 8886 ਹਡਸਨ ਸਟਰੀਟ, ਵੈਨਕੂਵਰ**

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਇਸ ਡਿਨਰ ਤੇ ਡਾਂਸ ਦਾ ਪ੍ਰਬੰਧ ਫੰਡ ਇਕੱਠਾ ਕਰਨ ਲਈ ਕੀਤਾ ਜਾ ਰਿਹਾ ਹੈ ਤਾਂਕਿ ਮਜ਼ਦੂਰ ਵਿਰੋਧੀ ਬਿਲ-19 ਦੀ ਵਿਰੋਧਤਾ ਜਾਰੀ ਰੱਖੀ ਜਾ ਸਕੇ ਤੇ ਜਿਹੜੇ ਮਜ਼ਦੂਰ ਅਜੇ ਤੱਕ ਜਥੇਬੰਦੀ ਦੇ ਮੈਂਬਰ ਨਹੀਂ ਬਣੇ ਉਨ੍ਹਾਂ ਨੂੰ ਯੂਨੀਅਨ ਵਿਚ ਸ਼ਾਮਲ ਕਰਕੇ ਯੂਨੀਅਨ ਦੀ ਤਾਕਤ ਵਧਾਈ ਜਾ ਸਕੇ।

**ਬੁਲਾਰੇ :**

ਸਰਵਣ ਬੋਲ — ਪ੍ਰਧਾਨ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ

ਕਲਿਬ ਐਂਡਸਟੀਨ — ਸਕੱਤਰ — ਖਜ਼ਾਨਚੀ ਬੀ. ਸੀ. ਫੈਡਰੇਸ਼ਨ ਆਫ ਲੇਬਰ

**ਪਰੋਗਰਾਮ :**

6.30 ਵਜੇ ਸ਼ਾਮ — ਡਿਨਰ ਦਾ ਆਰੰਭ ਤੇ ਬਾਰ ਖੁਲ੍ਹੇਗੀ

ਗਿੱਧਾ, ਭੰਗੜਾ ਨਾਚ

9.00 ਵਜੇ — ਯੂਨੀਅਨ ਬੈਂਡ 'ਜਿੰਜਰ ਗਰੁੱਪ' ਨਾਲ ਡਾਂਸ

**ਟਿਕਟਾਂ :**

ਕੰਮ ਕਰਨ ਵਾਲਿਆਂ ਲਈ - 14 ਡਾਲਰ

ਬਾਕੀਆਂ ਲਈ — 8 ਡਾਲਰ

- ਬੱਚਿਆਂ ਦੀ ਦੇਖ ਭਾਲ ਦਾ ਪ੍ਰਬੰਧ ਹੋਵੇਗਾ

ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ**

**430-6055**


# ਪਾਕਿਸਤਾਨ 'ਚ ਅਤਿਵਾਦੀ ਆਪਸ 'ਚ ਫਸਕੇ ਮਰਨ ਲਗ ਪਏ

ਵਜ਼ੀਰਾਬਾਦ — 'ਸ਼ੇਰੇ ਪੰਜਾਬ' ਲੰਡਨ ਦੀ ਖਬਰ ਅਨੁਸਾਰ ਜ਼ਿਲਾ ਗੁਜਰਾਂਵਾਲੇ ਤੋਂ ਪ੍ਰਾਪਤ ਸੂਚਨਾ ਅਨੁਸਾਰ ਚੌਂਕ ਮੁਸਤਫਾ ਦੇ ਮਹੱਲਾ ਕਾਜੀਆਂ ਦੇ ਇਕ ਮਕਾਨ ਵਿਚ ਜਿਥੇ ਕਿ ਸੱਤ ਸਿੱਖ ਨੌਜਵਾਨ ਠਹਿਰੇ ਹੋਏ ਸਨ, ਜਿਨ੍ਹਾਂ ਵਿਚੋਂ ਚਾਰ ਕੈਨੇਡਾ ਦੇ ਵਾਸੀ ਹਨ ਅਤੇ ਤਿੰਨ ਭਾਰਤੀ ਜਹਾਜ਼ ਦੇ ਅਗਵਾਕਾਰਾਂ ਦੇ ਸਾਥੀ ਹਨ, ਆਪਸ ਵਿਚ ਝਗੜ ਪਏ ਅਤੇ ਇਕ ਦੂਜੇ ਨੂੰ ਭਾਰਤੀ ਏਜੰਟ ਦੇ ਤਾਅਨੇ ਦੇਣ ਲਗ ਪਏ। ਉਸ ਵੇਲੇ ਇਨ੍ਹਾਂ ਕੋਲ ਦੋ ਬੰਦੇ ਹੋਰ ਵੀ ਸਨ, ਜਿਨਾਂ ਵਿਚ ਗੁਜਰਾਂਵਾਲੇ ਦੇ ਵਕੀਲ ਹਾਫਿਜ਼ ਅਜ਼ੀਜਉਦ-ਦੀਨ ਪਰਾਚਾ ਤੇ ਅਫਗਾਨ ਮੁਜਾਹਿਦਾਂ ਦੇ ਇਕ ਟੋਲੇ ਦਾ ਇਕ ਸਰਦਾਰ ਵੀ ਬੈਠਾ ਹੋਇਆ ਸੀ।

ਇਹ ਹਾਦਸਾ ਉਸ ਸਮੇਂ ਹੋਇਆ ਜਦ ਕਿ ਦਿੱਲੀ ਵਿਚ ਫੜੇ ਗਏ ਸਤਨਾਮ ਸਿੰਘ ਬਾਵੇ ਦੇ ਤਾਏ ਦੇ ਲੜਕੇ ਸੁਖਮਿੰਦਰ ਸਿੰਘ ਨੂੰ ਵੀ ਭਾਰਤੀ ਏਜੰਟ ਕਹਿਣ ਲੱਗੇ ਅਤੇ ਇਲਜ਼ਾਮ ਲਗਾਇਆ ਗਿਆ ਕਿ ਤੇਰੇ ਭਰਾ ਨੇ ਜਿੰਦੇ ਨੂੰ ਫੜਾਇਆ ਹੈ। ਤੂੰ-ਤੂੰ-ਮੈਂ-ਮੈਂ ਤੋਂ ਗੱਲ ਵਧ ਗਈ ਤਾਂ ਇਕ ਨੇ ਬਾਵੇ ਦੇ ਤਾਏ ਦੇ ਲੜਕੇ ਦੇ ਸਿਰ ਵਿਚ ਕੋਲ ਪਈ ਕੜਛੀ ਮਾਰੀ ਤੇ ਉਹ ਸਖਤ ਜ਼ਖਮੀ ਹੋ ਗਿਆ। ਬਸ ਫੇਰ ਕੀ ਸੀ — ਗੋਲੀਆਂ ਚੱਲੀਆਂ ਤੇ ਦੋ ਥਾਂ ਤੇ ਹੀ ਮਰ ਗਏ ਤੇ ਦੋ ਸਖਤ ਫੱਟੜ ਹੋ ਗਏ। ਹਾਫਿਜ਼ ਅਜੀਜ਼ਉਦ-ਦੀਨ ਪਰਾਚਾ ਤੇ ਮੁਜਾਹਿਤਾਂ ਦੇ ਟੋਲੇ ਦਾ ਸਰਕਾਰ ਸਖਤ ਜ਼ਖਮੀ ਹੋ ਗਿਆ। ਬਾਕੀ ਦੋ ਤਿੰਨ ਸਿੱਖ ਅਤਿਵਾਦੀਆਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ। ਸਿੱਖ ਅਤਿਵਾਦੀ ਜਿਥੇ ਰਹਿ ਰਹੇ ਸਨ, ਉਹ ਇਕ ਗੁਰਦੁਆਰੇ ਦੀ ਥਾਂ ਦੱਸੀ ਜਾਂਦੀ ਹੈ।

# ਚੰਡੀਗੜ੍ਹ ਵਿਚ ਇਕ ਅਹਿਮ ਮੀਟਿੰਗ

## ਬੂਟਾ ਸਿੰਘ ਨੇ ਪ੍ਰਧਾਨਗੀ ਕੀਤੀ

ਚੰਡੀਗੜ੍ਹ — ਪਿਛਲੇ ਮਹੀਨਿਆਂ ਵਿਚ ਸਥਾਪਤ ਕੀਤੀ ਉਤਰੀ ਜ਼ੋਨ ਦੇ ਰਾਜਾਂ ਦੇ ਇਕ ਮੀਟਿੰਗ ਪਰਸੋਂ ਏਥੇ ਗ੍ਰਹਿ ਮੰਤਰੀ ਬੂਟਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਹਿਮਾਚਲ, ਰਾਜਸਥਾਨ, ਜੰਮੂ ਕਸ਼ਮੀਰ ਦੇ ਮੁੱਖ ਮੰਤਰੀ, ਪੰਜਾਬ ਦੇ ਗਵਰਨਰ ਤੇ ਦਿੱਲੀ ਦੇ ਅਧਿਕਾਰੀ ਸ਼ਾਮਲ ਹੋਏ। ਇਸ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਉਤਰੀ ਜ਼ੋਨ ਦੇ ਸਮੁੱਚੇ ਖੇਤਰ ਵਿਚ ਅਤਿਵਾਦੀਆਂ ਵਲੋਂ ਕੀਤੀਆਂ ਜਾਂਦੀਆਂ ਕਾਰਵਾਈਆਂ ਨੂੰ ਰੋਕਣ ਦਾ ਪ੍ਰਬੰਧ ਹੋਵੇਗਾ।

ਬੂਟਾ ਸਿੰਘ ਨੇ ਕਿਹਾ ਕਿ ਪੰਜਾਬ ਵਿਚੋਂ ਦਹਿਸ਼ਤਗਰਦੀ ਖਤਮ ਕਰਨ ਦੀ ਭਾਰਤ ਸਰਕਾਰ ਨੇ ਪੱਕੀ ਧਾਰੀ ਹੋਈ ਹੈ ਉਨ੍ਹਾਂ ਕਿਹਾ ਕਿ ਪਹਿਲਾਂ ਦਹਿਸ਼ਤਗਰਦੀ ਖਤਮ ਕੀਤੇ ਬਿਨਾਂ ਕੋਈ ਸਮਝੌਤਾ ਸਿਰੇ ਨਹੀਂ ਚੜ੍ਹ ਸਕਦਾ।

ਪੰਨਾ 1 ਦੀ ਬਾਕੀ

## ਅੰਮ੍ਰਿਤਪਾਲ ਸਿੰਘ ਗ੍ਰਿਫਤਾਰ

ਭਾਰਤੀ ਜਨਤਾ ਪਾਰਟੀ ਦੇ ਕੌਂਸਲਰ ਨੂੰ ਦਿੱਲੀ ਵਿਚ ਮਾਰਨ ਵਾਲਾ ਅੰਮ੍ਰਿਤਪਾਲ ਸਿੰਘ ਗ੍ਰਿਫਤਾਰ ਹੋ ਗਿਆ ਹੈ।

# ਖਾਲਿਸਤਾਨ ਕਮਾਂਡੋ ਫੋਰਸ ਵਲੋਂ 9 ਕਤਲ

ਨਵੀਂ ਦਿੱਲੀ — ਇਥੋਂ ਪ੍ਰਾਪਤ ਖਬਰਾਂ ਅਨੁਸਾਰ ਪਿਛਲੇ ਵੀਰਵਾਰ ਪੰਜਾਬ ਵਿਚ ਵੱਖ ਵੱਖ ਥਾਵਾਂ ਉਤੇ ਖਾਲਿਸਤਾਨ ਕਮਾਂਡੋ ਫੋਰਸ ਨੇ 9 ਕਤਲ ਕੀਤੇ ਜਿਨ੍ਹਾਂ ਵਿਚ ਮਰਨ ਵਾਲੇ ਹਿੰਦੂ ਫਿਰਕੇ ਨਾਲ ਸਬੰਧਤ ਸਨ। ਇਹ ਘਟਨਾਵਾਂ ਗੁਰਦਾਸਪੁਰ ਜ਼ਿਲੇ ਵਿਚ ਵਾਪਰੀਆਂ।

ਮਰਨ ਵਾਲੇ ਖੇਤਾਂ 'ਚ ਮਜ਼ਦੂਰ ਸਨ।

# ਕਾਮਨਵੈਲਥ ਕਾਨਫਰੰਸ ਦਾ ਪ੍ਰੋਗਰਾਮ

ਕਾਮਨਵੈਲਥ ਦੇਸ਼ਾਂ ਦੇ 47 ਆਗੂ 13 ਅਕਤੂਬਰ, 1987 ਨੂੰ ਵੈਨਕੂਵਰ ਪਹੁੰਚ ਰਹੇ ਹਨ। ਕਾਨਫਰੰਸ ਦੇ ਬੁਲਾਰੇ ਗੇਲ ਫ਼ਲਿਟਨ ਅਨੁਸਾਰ ਕਾਨਫਰੰਸ ਸਮੇਂ ਕੋਈ ਵੱਡੇ ਸਮਾਗਮ ਨਹੀਂ ਹੋਣਗੇ ਕਿਉਂਕਿ 47 ਆਗੂਆਂ ਦਾ ਏਜੰਡਾ ਏਨਾ ਵੱਡਾ ਹੈ ਕਿ ਉਨ੍ਹਾਂ ਕੋਲ ਕਿਸੇ ਸਮਾਗਮ ਲਈ ਵਕਤ ਹੀ ਨਹੀਂ ਹੋਵੇਗਾ।

ਕਾਨਫਰੰਸ ਦਾ ਉਦਘਾਟਨ ਰਾਣੀ ਅਲਿਜ਼ਬੈਥ 13 ਅਕਤੂਬਰ ਨੂੰ ਕਰੇਗੀ।

ਕਾਮਨਵੈਲਥ ਲੀਡਰਾਂ ਦੀ ਰਿਹਾਇਸ਼ ਮੈਰੀਡੀਅਨ, ਪੈਨ ਪੈਸੇਫਿਕ ਹੋਟਲ, ਵੈਸਟਿਨ ਬੇ-ਸ਼ੋਰ ਇੰਨ ਵਿਚ ਕੀਤੀ ਜਾ ਰਹੀ ਹੈ।

ਕਾਮਨਵੈਲਥ ਆਗੂ ਬਹੁਤਾ ਸਮਾਂ ਕੈਨੇਡਾ ਪਲੇਸ ਕਨਵੈਨਸ਼ਨ ਹਾਲ ਵਿਚ ਹੀ ਗੁਜ਼ਾਰਨਗੇ ਜਿਥੇ ਲਗਾਤਾਰ ਸੈਸ਼ਨ ਜਾਰੀ ਰਹਿਣਗੇ।

15 ਅਕਤੂਬਰ ਨੂੰ ਆਗੂਆਂ ਨੂੰ ਤੇ ਉਨ੍ਹਾਂ ਦੇ ਸਟਾਫ ਨੂੰ ਕਲੋਨਾ ਨੇੜੇ ਲੇਕ ਓਕਨਆਗਨ ਵਿਚ ਲਿਜਾਇਆ ਜਾਵੇਗਾ ਜਿਥੇ 500 ਵਿਅਕਤੀਆਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ। 17 ਅਕਤੂਬਰ ਨੂੰ ਆਗੂ ਵਾਪਸ ਵੈਨਕੂਵਰ ਪਹੁੰਚਣਗੇ।

ਮੁੱਖ ਏਜੰਡਾ ਦੱਖਣੀ ਅਫਰੀਕਾ ਵਿਰੁੱਧ ਸਖਤ ਪਾਬੰਦੀਆਂ ਦਾ ਹੋਵੇਗਾ। ਫੀਜੀ ਦਾ ਮਸਲਾ ਵੀ ਵਿਚਾਰਿਆ ਜਾਵੇਗਾ। ਪਾਕਿਸਤਾਨ ਨੂੰ ਕਾਮਨਵੈਲਥ ਵਿਚ ਦੁਬਾਰਾ ਲੈਣ ਬਾਰੇ ਵੀ ਵਿਚਾਰਾਂ ਹੋਣਗੀਆਂ।

# ਤਿੱਬਤ ਵਿਚ ਆਜ਼ਾਦੀ ਦੀ ਮੰਗ ਉਭਰੀ

## 9 ਤਿੱਬਤੀ ਹਲਾਕ

ਬੀਜਿੰਗ — ਏਥੋਂ ਪ੍ਰਕਾਸ਼ਤ ਖਬਰਾਂ ਤੋਂ ਪਤਾ ਲੱਗਿਆ ਹੈ ਕਿ ਚੀਨੀ ਪੁਲਸ ਨੇ ਤਿੱਬਤ ਵਿਚ ਕਰਫੀਊ ਲਾਗੂ ਕਰ ਦਿੱਤਾ ਹੈ। ਕਰਫੀਊ ਬੋਧੀ ਭਿਕਸ਼ੂਆਂ ਵਲੋਂ ਲਗਾਤਾਰ ਮੁਜ਼ਾਹਰਿਆਂ ਪਿਛੋਂ ਲਾਗੂ ਕੀਤਾ ਗਿਆ। ਕੱਲ੍ਹ ਹੋਏ ਮੁਜ਼ਾਹਰੇ ਵਿਚ ਛੇ ਤਿੱਬਤੀ ਮਾਰੇ ਜਾਣ ਦੀ ਖਬਰ ਹੈ।

ਚੀਨੀ ਏਜੰਸੀ ਨੇ ਕਿਹਾ ਹੈ ਕਿ ਇਹ ਝਗੜਾ ਦਲਾਈਲਾਮਾ ਦੇ ਅਮਰੀਕਾ ਜਾ ਕੇ ਆਉਣ ਤੋਂ ਸ਼ੁਰੂ ਹੋਇਆ ਹੈ। ਮੁਜ਼ਾਹਰਿਆਂ ਵਿਚ 19 ਪੁਲਸੀਏ ਵੀ ਜ਼ਖਮੀ ਹੋਣ ਦੀ ਖਬਰ ਹੈ।

ਤਿੱਬਤ ਦੀ ਰਾਜਧਾਨੀ ਲਾਸ੍ਹਾ ਵਿਚ ਕਰਫੀਊ ਕਾਰਨ ਕੋਈ ਵੀ ਵਿਅਕਤੀ ਅੰਦਰ ਜਾਂ ਬਾਹਰ ਨਹੀਂ ਜਾ ਸਕਦਾ। ਦਲਾਈਲਾਮੇ ਦਾ ਘਰ ਵੀ ਸੀਲ ਕਰ ਦਿੱਤਾ ਗਿਆ ਹੈ।

# ਅਰੁਨਾ ਆਸਿਫ਼ ਅਲੀ ਨੂੰ ਕੌਮੀ ਏਕਤਾ ਐਵਾਰਡ

ਨਵੀਂ ਦਿੱਲੀ — ਭਾਰਤ ਦੀ ਪ੍ਰਸਿੱਧ ਹਸਤੀ ਸ੍ਰੀਮਤੀ ਅਰੁਨਾ ਆਸਿਫ਼ ਅਲੀ ਨੂੰ ਇੰਦਰਾ ਗਾਂਧੀ ਦੇ ਨਾਂ ਉਤੇ ਸਥਾਪਤ ਕੀਤਾ ਗਿਆ ਕੌਮੀ ਏਕਤਾ ਐਵਾਰਡ ਦਿਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਅਰੁਨਾ ਆਸਿਫ਼ ਅਲੀ ਦਾ ਨਾਂ ਪਹਿਲਾਂ ਭਾਰਤ ਦੀ ਰਾਸ਼ਟਰਪਤੀ ਵਜੋਂ ਵੀ ਲਿਆ ਜਾ ਰਿਹਾ ਸੀ।

## 'ਕੈਨੇਡਾ ਦਰਪਣ' ਦਾ ਵਿਸ਼ੇਸ਼ ਦੀਵਾਲੀ ਅੰਕ

'ਕੈਨੇਡਾ ਦਰਪਣ' ਦਾ ਅਗਲਾ ਅੰਕ ਵਿਸ਼ੇਸ਼ ਦੀਵਾਲੀ ਅੰਕ ਹੋਵੇਗਾ। ਇਸ ਲਈ ਸਾਰੇ ਵਪਾਰੀ ਵੀਰਾਂ ਅੱਗੇ ਬੇਨਤੀ ਹੈ ਕਿ ਸੋਮਵਾਰ ਤੱਕ ਆਪਣੀ ਥਾਂ ਰੀਜ਼ਰਵ ਕਰਵਾ ਲੈਣ।

ਫੋਨ (604) 581-4473


# BERNARD SIMPSON & COMPANY

PRACTICE **RESTRICTED** TO INJURIES SUFFERED DUE TO

**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR OVER 15 YEARS

CONTINGENCY FEES AVAILABLE (IF NO RECOVERY NO LEGAL FEE)

NO CHARGE FOR INITIAL CONSULTATION

SITUATED IN THE AUTOMOBILE ASSOCIATION BUILDING

**734-2272**

999 West Broadway, Vancouver, B.C. V5Z 1K5

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਕੈਨੇਡਾ-ਅਮਰੀਕਾ ਦਾ ਖੁੱਲ੍ਹਾ ਵਪਾਰ

ਟੋਰੀ ਸਰਕਾਰ ਨੇ ਆਪਣੀ ਡਿੱਗੀ ਸਾਖ ਨੂੰ ਬਹਾਲ ਕਰਨ ਲਈ ਅਮਰੀਕਾ ਨਾਲ ਖੁਲ੍ਹੇ ਵਪਾਰ ਦਾ ਜੁਆ ਖੇਡਣ ਲਈ ਬਾਜ਼ੀ ਲਾਈ ਹੈ। ਬੇਸ਼ਕ ਇਹ ਸਮਝੌਤਾ ਟੀ. ਵੀ. ਅਤੇ ਅਖਬਾਰਾਂ ਵਿਚ ਬੜੇ ਜ਼ੋਰ ਸ਼ੋਰ ਨਾਲ ਪਰਚਾਰਿਆ ਜਾ ਰਿਹਾ ਹੈ ਅਤੇ ਲੋਕ ਇਹ ਸਮਝਣ ਵੀ ਲੱਗ ਪਏ ਹਨ ਕਿ ਇਹ ਸਮਝੌਤਾ ਸਿਰੇ ਚੜ੍ਹ ਜਾਵੇਗਾ ਪਰ ਇਸ ਦੇ ਆਸਾਰ ਨਜ਼ਰ ਨਹੀਂ ਆ ਰਹੇ। ਪਹਿਲੀ ਗੱਲ ਤਾਂ ਇਹ ਹੈ ਕਿ ਕੈਨੇਡਾ ਦਾ ਵਪਾਰ ਸਾਰੀ ਦੁਨੀਆਂ ਵਿਚ ਪਹਿਲਾਂ ਹੀ ਅਮਰੀਕਾ ਨਾਲ ਬਹੁਤ ਜ਼ਿਆਦਾ ਹੈ — ਇਸ ਲਈ ਕੈਨੇਡਾ ਨੂੰ ਖੁਲ੍ਹੇ ਵਪਾਰ ਦਾ ਬਹੁਤ ਫਾਇਦਾ ਨਹੀਂ ਲੱਗਾ। ਦੂਜੇ ਕੈਨੇਡਾ ਦੇ ਲੋਕ ਇਸ ਗੱਲੋਂ ਚੇਤੰਨ ਹਨ ਕਿ ਆਰਥਿਕ ਪਹਿਲੂ ਹੀ ਕਿਸੇ ਦੇਸ਼ ਦੀ ਤੇ ਕੌਮ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ, ਜੇ ਕੈਨੇਡਾ ਨੇ ਆਪਣੀ ਆਰਥਿਕਤਾ ਹੀ ਅਮਰੀਕਾ ਦੇ ਹਵਾਲੇ ਕਰ ਦਿੱਤੀ ਤਾਂ ਪਿਛੇ ਕੈਨੇਡਾ ਦਾ ਕੀ ਰਹਿ ਜਾਵੇਗਾ? ਆਰਥਿਕਤਾ ਨਾਲ ਹੀ ਇਸ ਦੇਸ਼ ਦੀ ਕਲਚਰ ਬੱਝੀ ਹੋਈ ਹੈ।

ਸਭ ਤੋਂ ਅਹਿਮ ਪਹਿਲੂ ਕੈਨੇਡਾ ਦੀ ਅੰਦਰੂਨੀ ਤੇ ਬਦੇਸ਼ੀ ਪਾਲਿਸੀ ਨਾਲ ਸਬੰਧਤ ਹੈ। ਅੰਦਰੂਨੀ ਤੌਰ ਉਤੇ ਕੈਨੇਡੀਅਨਾਂ ਵਿਚ ਆਪਣੇ ਦੇਸ਼ ਲਈ ਅਥਾਹ ਮਾਣ ਹੈ, ਬਦੇਸ਼ ਨੀਤੀ ਵਿਚ ਕੈਨੇਡਾ ਨਿਕਾਰਗਵਾ, ਐਲ ਸੈਲਵੇਡੋਰ ਤੇ ਇਥੋਂ ਤੱਕ ਕਿ ਸੋਵੀਅਤ ਯੂਨੀਅਨ ਪ੍ਰਤੀ ਵੀ ਆਪਣੀ ਵੱਖਰੀ ਵਿਚਾਰਧਾਰਾ ਰੱਖਦਾ ਹੈ। ਕਾਮਨਵੈਲਥ ਦੇਸ਼ ਹੋਣ ਦੇ ਨਾਤੇ ਦੱਖਣੀ ਅਫਰੀਕਾ ਵਿਚ ਨਸਲਵਾਦ ਸੰਬੰਧੀ ਵੀ ਕੈਨੇਡਾ ਦਾ ਸਟੈਂਡ ਹੁਣ ਤੱਕ ਵਧੀਆ ਰਿਹਾ ਹੈ ਜਦ ਕਿ ਅਮਰੀਕਾ ਇਕ ਸਾਮਰਾਜੀ ਦੇਸ਼ ਹੈ ਅਤੇ ਉਸਦੀ ਆਰਥਿਕਤਾ ਦੀ ਬੁਨਿਆਦ ਹੀ ਲੁੱਟ-ਖਸੁੱਟ ਉਤੇ ਨਿਰਭਰ ਹੈ। ਦੂਜੇ ਦੇਸ਼ਾਂ ਵਿਚ ਆਪਣੇ ਹਥਿਆਰ ਵੇਚਣ ਲਈ ਅਮਰੀਕਾ ਕਿਤੇ ਵੀ ਲੜਾਈ ਕਰ ਸਕਦਾ ਹੈ ਜਿਥੇ ਕਿ ਕੈਨੇਡਾ ਦਾ ਰੋਲ ਹੁਣ ਤੱਕ ਸਾਂਝੀ ਪਹੁੰਚ ਵਾਲੇ ਦੇਸ਼ਾਂ ਨਾਲ ਰਲਦਾ ਹੈ।

ਇਹ ਖੁਲ੍ਹੇ ਵਪਾਰ ਦਾ ਚੱਕਰ ਮਲ੍ਰੂਨੀ ਸਰਕਾਰ ਦਾ ਆਖਰੀ ਹੰਭਲਾ ਹੈ ਕਿਉਂਕਿ ਵੋਟਾਂ ਅਨੁਸਾਰ ਉਸ ਪੱਲੇ 21 ਫੀਸਦੀ ਵੋਟਾਂ ਹਨ ਜਦਕਿ ਐਨ. ਡੀ. ਪੀ. ਤੇ ਲਿਬਰਲ ਨਵੀਂ ਸਰਕਾਰ ਬਨਾਉਣ ਲਈ ਆਪੋ ਵਿਚ ਖਹਿ ਰਹੀਆਂ ਹਨ। ਦੂਜੇ ਪਾਸੇ ਅਮਰੀਕੀ ਪ੍ਰਧਾਨ ਰੇਗਨ ਦੀ ਪ੍ਰਧਾਨਗੀ ਦੇ ਵੀ ਆਖਰੀ ਦਿਨ ਹਨ। ਸਿਆਸੀ ਸੀਨ ਤੋਂ ਅਲੋਪ ਹੋਣ ਤੋਂ ਪਹਿਲਾਂ ਇਹ ਦੋਵਾਂ ਧਿਰਾਂ ਦਾ ਡਰਾਪ-ਸੀਨ ਹੈ। ਇਸ ਤੋਂ ਵੱਧ ਕੁਝ ਨਹੀਂ।

ਕੈਨੇਡਾ ਦੀਆਂ ਬਹੁਤ ਸਾਰੀਆਂ ਦਸਤਕਾਰੀਆਂ ਅਮਰੀਕਾ ਦੇ ਪੇਟ ਪੈ ਜਾਣ ਦਾ ਸੰਭਾਵਨਾ ਰੱਖਦੀਆਂ ਹਨ। ਖੇਤੀਬਾੜੀ, ਜੰਗਲਾਤ, ਊਰਜਾ ਤੇ ਕਾਰ ਇੰਡਸਟਰੀ ਵਲੋਂ ਅਮਰੀਕਾ ਦੀ ਚਾਂਦੀ ਹੀ ਚਾਂਦੀ ਹੈ। ਇਸੇ ਕਾਰਨ ਓਨਟੇਰੀਓ, ਮੈਨੀਟੋਬਾ, ਨੀਊਫਾਊਂਡਲੈਂਡ ਤੇ ਪ੍ਰਿੰਸ ਐਡਵਰਡ ਆਈਲੈਂਡ ਦੇ ਪ੍ਰੀਮੀਅਰਾਂ ਨੇ ਪ੍ਰਧਾਨ ਮੰਤਰੀ ਨੂੰ ਕੋਰਾ ਜਵਾਬ ਦੇ ਦਿੱਤਾ ਹੈ। ਇਹੀ ਕੋਰਾ ਜਵਾਬ ਕੈਨੇਡਾ ਦੇ ਵੋਟਰ ਅਗਲੇ ਸਾਲ ਮਲ੍ਰੂਨੀ ਸਰਕਾਰ ਨੂੰ ਦੇਣ ਵਾਲੇ ਹਨ।

# ਸਾਂਝੇ ਅਕਾਲੀ ਦਲ ਦੀ ਸਰਦਾਰੀ ਖਤਮ ਕਰਨ ਲਈ ਲੌਂਗੋਵਾਲ ਦਲ ਮੈਦਾਨ 'ਚ

— ਅਕਾਲੀ ਦਲ (ਲੌਂ:) ਨੇ 28 ਸਤੰਬਰ ਤੋਂ ਰਾਜ ਭਰ ਵਿਚ ਜ਼ਿਲਾ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅਗੇ ਧਰਨੇ ਮਾਰਨੇ ਸ਼ੁਰੂ ਕੀਤੇ ਹਨ। ਇਹ ਧਰਨੇ ਕੇਂਦਰ ਸਰਕਾਰ ਵਲੋਂ ਹਾਲ ਹੀ ਵਿਚ "ਗਵਾਹੀ ਕਾਨੂੰਨ" ਵਿਚ ਕੀਤੀ ਤਬਦੀਲੀ ਦਾ ਵਿਰੋਧ ਕਰਨ ਲਈ ਤੇ ਕੁਝ ਹੋਰ ਮੰਗਾਂ ਨੂੰ ਲੈ ਕੇ ਮਾਰੇ ਜਾ ਰਹੇ ਹਨ।

ਪਾਰਟੀ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੇ ਜ਼ਿਲਾ ਪ੍ਰਧਾਨਾਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਉਹ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਇਸ "ਕਾਲੇ ਕਾਨੂੰਨ ਦੇ ਭਿਆਨਕ ਨਤੀਜਿਆਂ" ਤੋਂ ਜਾਣੂ ਕਰਵਾਉਣ ਤੇ ਇਸ ਲਈ ਵੱਧ ਤੋਂ ਵੱਧ ਲੋਕਾਂ ਨੂੰ ਧਰਨਿਆਂ ਵਿਚ ਸ਼ਾਮਲ ਹੋਣ ਲਈ ਪਰੇਰਨ। ਵਰਨਣਯੋਗ ਹੈ ਕਿ ਨਵੇਂ ਬਣਾਏ ਕਾਨੂੰਨ ਵਿਚ ਪੁਲੀਸ ਅਫਸਰਾਂ ਨੂੰ ਅਧਿਕਾਰ ਦਿੱਤੇ ਗਏ ਹਨ ਕਿ ਉਨ੍ਹਾਂ ਦੀ ਹਾਜ਼ਰੀ ਵਿਚ ਤੇ ਉਨ੍ਹਾਂ ਵਲੋਂ ਅਟੈਸਟ ਕੀਤੇ ਕਥਿਤ ਅਤਿਵਾਦੀਆਂ ਵਲੋਂ ਇਕਬਾਲ ਨੂੰ ਅਦਾਲਤ ਵਿਚ ਗਵਾਹੀ ਮੰਨਿਆ ਜਾਵੇਗਾ। ਚੇਤੇ ਰਹੇ ਕਿ ਬੀਤੇ ਦਿਨੀਂ ਰੋਪੜ ਵਿਖੇ ਇਕ ਪਬਲਿਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਬਰਨਾਲਾ ਨੇ ਇਸ ਨਵੇਂ ਕਾਨੂੰਨ ਦੇ ਵਿਰੁਧ ਇਕ ਵੱਡਾ ਸੰਘਰਸ਼ ਆਰੰਭ ਕਰਨ ਦਾ ਐਲਾਨ ਕੀਤਾ ਸੀ।

ਜ਼ਿਲਾ ਜਥੇਦਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਡਿਪਟੀ ਕਮਿਸ਼ਨਰਾਂ ਨੂੰ ਮੈਮੋਰੈਂਡਮ ਵੀ ਦੇਣ ਜਿਨ੍ਹਾਂ ਉਤੇ ਵੱਧ ਤੋਂ ਵੱਧ ਲੋਕਾਂ ਦੇ ਦਸਤਖਤ ਕੀਤੇ ਹੋਣ। ਇਸ ਤੋਂ ਇਲਾਵਾ ਮੈਮੋਰੈਂਡਮ ਵਿਚ ਹੋਰ ਮੰਗਾਂ ਵੀ ਸ਼ਾਮਲ ਕੀਤੀਆਂ ਜਾਣਗੀਆਂ ਜਿਨ੍ਹਾਂ ਵਿਚ ਝੋਨੇ ਦਾ ਭਾਅ 200 ਰੁਪਏ ਪ੍ਰਤੀ ਕੁਇੰਟਲ ਮਿਥੇ ਜਾਣ, ਜੋਧਪੁਰ ਦੇ ਕੈਦੀਆਂ ਨੂੰ ਰਿਹਾਅ ਕਰਵਾਉਣਾ, ਸੋਕੇ ਦੀ ਮਾਰ ਹੇਠ ਆਏ ਕਿਸਾਨਾਂ ਲਈ ਢੁਕਵੇਂ ਮੁਆਵਜ਼ੇ ਦੀ ਮੰਗ ਆਦਿ ਸ਼ਾਮਲ ਹੋਣਗੀਆਂ।

ਇਸੇ ਦੌਰਾਨ ਜ਼ਿਲਾ ਜਥੇਦਾਰਾਂ ਨੇ ਲੋਕਾਂ ਦੇ ਯਾਦ-ਪੱਤਰਾਂ 'ਤੇ ਦਸਤਖਤ ਕਰਵਾਉਣੇ ਸ਼ੁਰੂ ਕਰ ਦਿੱਤੇ ਹਨ ਜੋ ਕਿ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਜਾਣਗੇ। ਰਾਜਸੀ ਮਾਹਿਰਾਂ ਦਾ ਕਹਿਣਾ ਹੈ ਕਿ ਲੌਂਗੋਵਾਲ ਦਲ ਨੇ ਧਰਨਿਆਂ ਦਾ ਕਦਮ ਬੜਾ ਸੋਚ ਸਮਝ ਕੇ ਚੁਕਿਆ ਹੈ। ਇਸ ਨਾਲ ਪਾਰਟੀ ਨੂੰ ਆਪਣੀ ਤਾਕਤ ਦਾ ਪਤਾ ਲਗ ਜਾਵੇਗਾ ਤੇ ਇਹ ਵੀ ਅੰਦਾਜ਼ਾ ਹੋ ਜਾਵੇਗਾ ਕਿ ਕਿੰਨੇ ਕੁ ਲੋਕ ਇਸ ਪਾਰਟੀ ਨਾਲ ਪਿੰਡਾਂ ਵਿਚ ਹਨ।

ਦੂਜਾ ਇਸ ਪਰੋਗਰਾਮ ਵਿਚ ਕੁਝ ਅਜਿਹੀਆਂ ਮੰਗਾਂ ਸ਼ਾਮਲ ਕੀਤੀਆਂ ਗਈਆਂ ਹਨ ਜਿਨ੍ਹਾਂ ਨਾਲ ਪਾਰਟੀ ਨੂੰ ਕਿਸਾਨਾਂ ਤੇ ਨੌਜਵਾਨਾਂ ਦੀ ਹਮਾਇਤ ਜਿੱਤਣ ਦਾ ਮੌਕਾ ਮਿਲੇਗਾ। ਰਾਜਸੀ ਮਾਹਿਰਾਂ ਦਾ ਵਿਚਾਰ ਹੈ ਕਿ ਲੌਂਗੋਵਾਲ ਦਲ ਨੇ ਧਰਨਿਆਂ ਦਾ ਪਰੋਗਰਾਮ ਦੇ ਕੇ ਸਾਂਝੇ ਅਕਾਲੀ ਦਲ ਤੋਂ ਪਹਿਲ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਵੇਂ ਸਾਂਝੇ ਅਕਾਲੀ ਦਲ ਨੂੰ ਖਾੜਕੂ ਜਥੇਬੰਦੀਆਂ ਦੇ ਨੇੜੇ ਸਮਝਿਆ ਜਾਂਦਾ ਹੈ ਪਰ ਅਜੇ ਤਕ ਉਸ ਨੇ ਅਜਿਹਾ ਕੋਈ ਠੋਸ ਪਰੋਗਰਾਮ ਨਹੀਂ ਉਲੀਕਿਆ ਜਿਸ ਨਾਲ ਕਥਿਤ ਝੂਠੇ ਪੁਲਿਸ ਮੁਕਾਬਲੇ ਬੰਦ ਕਰਵਾਏ ਜਾ ਸਕਣ ਤੇ "ਕਾਲੇ ਕਾਨੂੰਨ" ਵਿਰੁਧ ਲੋਕਾਂ ਨੂੰ ਲਾਮਬੰਦ ਕੀਤਾ ਜਾ ਸਕੇ। ਸਾਂਝਾ ਅਕਾਲੀ ਦਲ ਸਿਰਫ ਅਖਬਾਰੀ ਬਿਆਨਬਾਜ਼ੀ ਤਕ ਹੀ ਸੀਮਤ ਰਿਹਾ ਹੈ।

# ਹਿਮਾਚਲ 'ਚ ਰਹਿੰਦੇ ਸਿੱਖ ਸੁਰਖਿਅਤ

— ਗਵਾਂਢੀ ਰਾਜ ਪੰਜਾਬ ਵਿਚ ਹੋ ਰਹੀਆਂ ਹਿਰਦੇ-ਵੇਦਕ ਹਿੰਸਕ ਘਟਨਾਵਾਂ ਦੇ ਬਾਵਜੂਦ, ਹਿਮਾਚਲ ਵਿਚ ਰਹਿ ਰਹੇ ਪੰਜਾਬੀ ਆਪਣੇ ਆਪ ਨੂੰ ਮਹਿਫੂਜ਼ ਸਮਝਦੇ ਹਨ ਅਤੇ ਸਥਾਨਕ ਲੋਕਾਂ ਨਾਲ ਘੁਲ ਮਿਲ ਕੇ ਰਹਿ ਰਹੇ ਹਨ। ਭਾਵੇਂ ਪੰਜਾਬ ਵਿਚ ਕਈ ਵੱਡੀਆਂ ਘਟਨਾਵਾਂ ਦੀ ਪ੍ਰਤੀਕਿਰਿਆ ਵਲੋਂ ਇਥੇ ਕਈ ਥਾਵਾਂ 'ਤੇ ਸਿੱਖਾਂ ਵਿਰੁਧ ਕਾਫੀ ਵੱਡੀ ਪੱਧਰ 'ਤੇ ਹਿੰਸਕ ਘਟਨਾਵਾਂ ਹੋਈਆਂ ਹਨ, ਪਰ ਆਮ ਤੌਰ ਤੇ ਇਥੇ ਸ਼ਾਂਤੀ ਹੀ ਰਹੀ ਹੈ।

ਜਿਵੇਂ ਪੰਜਾਬ ਵਿਚ ਹਿੰਸਕ ਕਾਰਵਾਈਆਂ ਕਰਨ ਵਾਲੇ ਮੁੱਠੀ ਭਰ ਲੋਕ ਹਨ, ਇਸੇ ਤਰ੍ਹਾਂ ਇਥੇ ਗੜਬੜ ਕਰਨ ਵਾਲੇ ਵੀ ਮੁੱਠੀ ਭਰ ਹਨ ਹਿਮਾਚਲ ਦੇ ਲੋਕ ਵਧੇਰੇ ਕਰਕੇ ਧਾਰਮਿਕ, ਰੱਬ ਤੋਂ ਡਰਨ ਵਾਲੇ, ਸਨਿਮਰ ਅਤੇ ਅਮਨ ਪਸੰਦ ਹਨ। ਆਮ ਲੋਕਾਂ ਨੇ ਅਜਿਹੀਆਂ ਹਿੰਸਕ ਕਾਰਵਾਈਆਂ ਸਮੇਂ ਆਪਣੇ ਸਿੱਖ ਭਰਾਵਾਂ ਦੀ ਡਟ ਕੇ ਰੱਖਿਆ ਕੀਤੀ ਹੈ। ਇਕ ਅੰਦਾਜ਼ੇ ਅਨੁਸਾਰ 60 ਹਜ਼ਾਰ ਤੋਂ ਇਕ ਲੱਖ ਦੇ ਕਰੀਬ ਪੰਜਾਬੀ ਹਿਮਾਚਲ ਵਿਚ ਰਹਿੰਦੇ ਹਨ। ਪ੍ਰਦੇਸ਼ ਦੇ 12 ਜ਼ਿਲਿਆਂ ਵਿਚ ਛੇ ਜ਼ਿਲੇ (55,673 ਵਰਗ ਕਿਲੋਮੀਟਰ ਰਕਬੇ ਵਾਲੇ ਪ੍ਰਦੇਸ਼ ਦਾ 28,666 ਵਰਗ ਕਿਲੋਮੀਟਰ ਇਲਾਕਾ) ਜ਼ਿਲਾ ਊਨਾ, ਹਮੀਰਪੁਰ, ਕਾਂਗੜਾ, ਕੁਲੂ, ਲਾਹੌਲ ਸਮਿਤੀ, ਸੋਲਨ ਦਾ ਪੂਰਾ ਇਲਾਕਾ ਅਤੇ ਸ਼ਿਮਲੇ ਦਾ ਕਾਫੀ ਇਲਾਕਾ ਸਦੀਆਂ ਲਈ ਪਹਿਲੀ ਨਵੰਬਰ 1966 ਤੱਕ ਪੰਜਾਬ ਦਾ ਹਿੱਸਾ ਰਿਹਾ ਹੈ। ਸ਼ਿਮਲਾ ਬਹੁਤ ਸਮੇਂ ਲਈ ਪੰਜਾਬ ਦਾ "ਸਮਰ ਕੈਪੀਟਲ" ਅਤੇ 1947 ਪਿਛੋਂ ਅਨੇਕਾਂ ਸਾਲਾਂ ਲਈ ਪੂਰੀ ਰਾਜਧਾਨੀ ਰਿਹਾ ਹੈ। ਇਸ ਦੌਰਾਨ ਹਜ਼ਾਰਾਂ ਹੀ ਪੰਜਾਬੀ ਇਨ੍ਹਾਂ ਇਲਾਕਿਆਂ ਵਿਚ ਵਸ ਗਏ ਸਨ। ਸ਼ਿਮਲੇ ਦੀਆਂ ਬਹੁਤੀਆਂ ਇਮਾਰਤਾਂ, ਸੜਕਾਂ, ਰੇਲਵੇ ਲਾਈਨ ਆਦਿ ਬਨਾਉਣ ਲਈ ਪੰਜਾਬੀਆਂ ਦਾ ਬੜਾ ਹੀ ਹੱਥ ਹੈ।

ਦੇਸ਼ ਦੀ ਵੰਡ ਪਿਛੋਂ ਹਜ਼ਾਰਾਂ ਹੀ ਸ਼ਰਨਾਰਥੀ ਸ਼ਿਮਲਾ, ਸੋਲਨ, ਮੰਡੀ, ਧਰਮਸ਼ਾਲਾ, ਪਾਲਮਪੁਰ, ਕਾਂਗੜਾ ਆਦਿ ਸ਼ਹਿਰਾਂ ਵਿਚ ਆ ਕੇ ਵਸੇ ਸਨ ਅਤੇ ਹੁਣ ਉਹ ਵਪਾਰ ਉਤੇ ਛਾਏ ਹੋਏ ਹਨ। ਪੰਜਾਬ ਦੇ ਪੁਨਰ-ਗਠਨ ਸਮੇਂ ਸੈਂਕੜੇ ਹੀ ਕਰਮਚਾਰੀ ਹਿਮਾਚਲ ਪ੍ਰਦੇਸ਼ ਨੂੰ ਐਲੋਕੇਟ ਹੋਏ ਸਨ। ਇਸ ਸਮੇਂ ਵਧੇਰੇ ਪੰਜਾਬੀ ਕੇਂਦਰੀ ਸਰਵਿਸਾਂ, ਪ੍ਰਾਜੈਕਟਾਂ ਜਾਂ ਫੈਕਟਰੀਆਂ ਆਦਿ ਵਿਚ ਕੰਮ ਕਰਦੇ ਹਨ ਜਾਂ ਆਪਣਾ ਕਾਰੋਬਾਰ ਕਰਦੇ ਹਨ। ਪ੍ਰਦੇਸ਼ ਸਰਕਾਰ ਦੇ ਕਾਫੀ ਉਚੇ ਅਹੁਦਿਆਂ ਉਤੇ ਪੰਜਾਬੀ ਤੈਨਾਤ ਹਨ। ਪ੍ਰਦੇਸ਼ ਵਿਚ ਰਹਿਣ ਵਾਲੇ ਪੰਜਾਬੀ ਭਾਵੇਂ ਆਪਣੀ ਵੱਖਰੀ ਹੋਂਦ ਜਿਵੇਂ ਕਿ ਭਾਸ਼ਾ ਅਤੇ ਸਭਿਆਚਾਰ ਕਾਇਮ ਰਖ ਰਹੇ ਹਨ, ਪਰ ਉਹ ਹਿੰਦੀ ਅਤੇ ਪਹਾੜੀ ਭਾਸ਼ਾ ਬੋਲ ਅਤੇ ਸਮਝ ਸਕਦੇ ਹਨ।

ਪ੍ਰਦੇਸ਼ ਵਿਚ ਅਮਨ ਕਾਨੂੰਨ ਦੀ ਕੋਈ ਸਮੱਸਿਆ ਨਹੀਂ ਹੈ ਅਤੇ ਨਾ ਹੀ ਇਧਰ ਕਥਿਤ ਦਹਿਸ਼ਤਗਰਦਾਂ ਨੇ ਕੋਈ ਕਾਰਵਾਈ ਕੀਤੀ ਹੈ। ਮਾਰਚ ਅਪਰੈਲ ਵਿਚ ਕੁਝ ਘਟਨਾਵਾਂ ਨੂੰ ਵਧਾ ਕੇ ਪੇਸ਼ ਕੀਤਾ ਗਿਆ ਸੀ ਹੁਣ ਵੀ ਪਿਛਲੇ ਦਿਨੀਂ ਪ੍ਰਦੇਸ਼ ਦੇ ਪੁਲੀਸ ਮੁਖੀ ਵਲੋਂ ਕਥਿਤ ਦਹਿਸ਼ਤਗਰਦਾਂ ਦੇ ਦੋ ਗਰੁੱਪਾਂ ਦੇ ਦਾਖਲ ਹੋਣ ਦੀ ਖਬਰ ਨੂੰ ਇਥੇ ਸਿਆਸੀ ਹਲਕਿਆਂ ਵਿਚ ਇਹ ਸਮਝਿਆ ਜਾ ਰਿਹਾ ਹੈ ਕਿ ਸਰਕਾਰ ਨੇ ਵਿਧਾਨ ਸਭਾ ਦਾ ਸੈਸ਼ਨ ਹੋਣ ਕਰਕੇ, ਪਿਛਲੇ ਦਿਨੀਂ ਅਖਬਾਰਾਂ ਦੀ ਸਪਲਾਈ ਰੋਕਣ ਦੀ ਨੁਕਤਾਚੀਨੀ ਤੋਂ ਬਚਣ ਲਈ ਇਹ ਖਬਰ "ਪਲਾਂਟ" ਕਰਾਈ ਸੀ ਤਾਂ ਜੋ ਧਿਆਨ ਹੋਰ ਪਾਸੇ ਮੋੜਿਆ ਜਾ ਸਕੇ।

# ਪੰਜਾਬ ਵਿਚ ਖਬਰਾਂ ਬਾਰੇ ਨਵਾਂ ਕੋਡ ਬਣੇਗਾ

ਚੰਡੀਗੜ੍ਹ — ਪੰਜਾਬ ਦੀ ਵਰਤਮਾਨ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਖਬਰਾਂ ਦੇਣ ਸੰਬੰਧੀ ਬਣਾਇਆ ਗਿਆ ਪਿਛਲਾ ਕੋਡ ਖਤਮ ਹੋ ਗਿਆ ਹੈ ਅਤੇ ਹੁਣ ਨਵਾਂ ਕੋਡ ਲਾਗੂ ਕੀਤਾ ਜਾਵੇਗਾ। ਇਹ ਫੈਸਲਾ ਇਥੇ 'ਪ੍ਰੈਸ ਰਿਲੇਸ਼ਨ ਕਮੇਟੀ' ਦੀ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਦੀ ਪ੍ਰਧਾਨਗੀ ਰਾਜਪਾਲ ਐਸ. ਐਸ. ਰੇਅ ਨੇ ਕੀਤੀ। ਸਮਝਿਆ ਜਾਂਦਾ ਹੈ ਕਿ ਖਬਰਾਂ ਬਾਰੇ ਪਿਛਲਾ ਕੋਡ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਸਮੇਂ ਵਿਚ ਬਣਿਆ ਸੀ। ਪਿਛਲੇ ਕੋਡ ਦੇ ਅਹਿਮ ਨੁਕਤਿਆਂ ਵਿਚ ਇਹ ਵੀ ਸ਼ਾਮਲ ਸੀ ਕਿ ਘਟਨਾ ਨਾਲ ਸੰਬੰਧਤ ਵਿਅਕਤੀਆਂ ਦੇ ਫਿਰਕੇ ਦਾ ਸਿੱਧਾ ਨਾਂ ਨਹੀਂ ਲਿਖਿਆ ਜਾਂਦਾ ਸੀ ਸਗੋਂ 'ਇਕ ਫਿਰਕੇ' ਦੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ। ਇਸ ਤਰ੍ਹਾਂ ਹੁਣ ਪਿਛਲਾ ਕੋਡ ਖਤਮ ਹੋਣ ਨਾਲ ਜੇਕਰ 'ਇਕ ਫਿਰਕੇ' ਦਾ ਸ਼ਬਦ ਨਾ ਵਰਤਿਆ ਜਾਵੇਗਾ ਤਾਂ

ਬਾਕੀ ਪੰਨਾ 5 'ਤੇ

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

**Tel: Off.**
**324-9441**

# ਸ੍ਰੀ ਲੰਕਾ ਵਿਚ 150 ਹਲਾਕ

## ਤਾਮਿਲ ਬਾਗੀਆਂ ਵਲੋਂ ਹਮਲੇ

ਕੋਲੰਬੋ — ਦਹਿਸ਼ਤਗਰਦ ਤਾਮਿਲ ਗੁਰੀਲਿਆਂ ਨੇ ਗੋਲੀਆਂ, ਛੁਰਿਆਂ ਤੇ ਅੱਗਾਂ ਲਾ ਕੇ 150 ਸਿਨਹਾਲੀ ਕਤਲ ਕਰ ਦਿੱਤੇ ਹਨ। ਕੱਲ੍ਹ ਹੋਈਆਂ ਘਟਨਾਵਾਂ ਨੇ ਸ੍ਰੀ ਲੰਕਾ ਨਾਲ ਭਾਰਤ ਦੇ ਹੋਏ ਸਮਝੌਤੇ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ।

ਬੈਟੀਕਲੋਆ ਦੇ ਨੇੜੇ ਇਕ ਰੇਲ ਗੱਡੀ ਖੜ੍ਹੀ ਕਰਕੇ 40 ਬੰਦੇ ਕਤਲ ਕੀਤੇ ਗਏ। ਇਕ ਥਾਂ ਉਤੇ ਬੱਸ ਉਤੇ ਹਮਲਾ ਕੀਤਾ ਗਿਆ ਜਿਸ ਵਿਚ 21 ਵਿਅਕਤੀ ਕਤਲ ਕੀਤੇ ਗਏ। ਪੂਲੀ ਕੂਡਾ ਪਿੰਡ ਵਿਚ 38 ਵਿਅਕਤੀ ਹਲਾਕ ਹੋਣ ਦੀ ਖਬਰ ਹੈ। ਬੈਟੀਕਲੋਅ ਵਿਚ 17 ਵਿਅਕਤੀ ਅੱਗ ਲਾ ਕੇ ਸਾੜ ਦਿਤੇ ਗਏ।

ਦੋ ਤਾਮਿਲਾਂ ਦੀ ਮੌਤ ਹੋਣ ਦੀ ਵੀ ਖਬਰ ਹੈ।

# ਫੀਜੀ ਵਿਚ ਵਾਇਸਰਾਏ ਵਲੋਂ ਫੌਜੀ ਰਾਜ ਨੂੰ ਮਾਨਤਾ ਦੇਣ ਤੋਂ ਨਾਂਹ

ਸੂਵਾ — ਬੇਸ਼ਕ ਫੌਜੀ ਡਿਕਟੇਟਰ ਕਰਨਲ ਰੂਬੂਕਾ ਨੇ ਫੀਜੀ ਵਿਚ ਫੌਜੀ ਰਾਜ ਦੀ ਘੋਸ਼ਣਾ ਕਰ ਦਿੱਤੀ ਹੈ ਪਰ ਫੀਜੀ ਦੇ ਵਾਇਸਰਾਏ ਗਵਰਨਰ-ਜਨਰਲ ਗਾਨੀਲਾਓ ਨੇ ਰੂਬੂਕਾ ਦੀ ਸਰਕਾਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਆਸਟਰੇਲੀਆ ਦੇ ਪ੍ਰਧਾਨ ਮੰਤਰੀ ਬੌਬ ਹਾਅਕ ਅਤੇ ਨੀਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਲੈਂਗੇ ਨੇ ਗਵਰਨਰ-ਜਨਰਲ ਵਲੋਂ ਲਏ ਗਏ ਸਟੈਂਡ ਦੀ ਪ੍ਰਸ਼ੰਸਾ ਕੀਤੀ ਹੈ।

ਫੀਜੀ ਦੀ ਆਰਥਿਕਤਾ ਮੁੱਖ ਤੌਰ ਉਤੇ ਭਾਰਤੀਆਂ ਦੇ ਹੱਥਾਂ ਵਿਚ ਹੈ। ਫੌਜੀ ਰਾਜ ਹੋਣ ਨਾਲ ਫੀਜੀ ਡਾਲਰ ਦੀ ਕੀਮਤ ਪੰਦਰਾਂ ਫੀ ਸਦੀ ਘਟਾ ਦਿੱਤੀ ਗਈ ਹੈ। ਪਿਛਲੇ ਚਾਰ ਮਹੀਨਿਆਂ ਵਿਚ ਫੀਜੀਅਨ ਡਾਲਰ ਦੀ ਕੀਮਤ ਦੋ ਤਿਹਾਈ ਰਹਿ ਗਈ ਹੈ।

# 12 ਤਾਮਿਲ ਬਾਗੀਆਂ ਨੇ ਜ਼ਹਿਰ ਖਾ ਕੇ ਆਤਮ-ਹੱਤਿਆ ਕਰ ਲਈ

ਕੋਲੰਬੋ — ਇਥੇ ਲਿਆਂਦੇ ਜਾ ਰਹੇ 17 ਤਾਮਿਲ ਬਾਗੀਆਂ ਵਿਚੋਂ 12 ਦੀ ਮੌਤ ਹੋ ਗਈ ਜਦ ਉਨ੍ਹਾਂ ਸਾਰਿਆਂ ਨੇ ਫੜੇ ਜਾਣ ਪਿਛੋਂ ਜ਼ਹਿਰ ਖਾ ਲਿਆ। ਉਤਰੀ ਜਾਫਨਾ ਵਿਚ ਪੰਜ ਬਾਗੀਆਂ ਦੇ ਅੰਦਰੋਂ ਜ਼ਹਿਰ ਕੱਢੀ ਗਈ ਤੇ ਉਹ ਬਚ ਗਏ ਦੱਸੇ ਜਾਂਦੇ ਹਨ ਜਦਕਿ ਬਾਰਾਂ ਦੀ ਮੌਤ ਉਸੇ ਸਮੇਂ ਹੋ ਗਈ।

ਇਹ ਬਾਗੀ ਟਾਈਗਰਜ਼ ਆਫ ਤਾਮਿਲ ਈਲਾਮ ਦੇ ਮੈਂਬਰ ਸਨ ਜੋ ਸ਼ਨਿਚਰਵਾਰ ਫੜੇ ਗਏ ਸਨ। ਜ਼ਹਿਰ ਉਨ੍ਹਾਂ ਨੇ ਆਪਣੀਆਂ ਗਲਾਂ ਵਿਚ ਪਾਈਆਂ ਜ਼ੰਜ਼ੀਰੀਆਂ ਵਿਚ ਰੱਖੀ ਹੋਈ ਸੀ।

# ਬੀ. ਸੀ. ਸੰਘਰਸ਼ ਸੰਮਤੀ ਦਾ ਬਿਆਨ

ਬੀ. ਸੀ. ਸੰਘਰਸ਼ ਸੰਮਤੀ ਨੂੰ ਜੱਜ ਜੇ. ਵੀ. ਕਲਾਈਨ ਦੇ ਬਿਆਨ ਤੇ ਭਾਰੀ ਰੋਸ ਤੇ ਗੁੱਸਾ ਹੈ। ਇਸ ਬਿਆਨ ਵਿਚ ਜੱਜ ਕਲਾਈਨ ਨੇ ਕਿਹਾ ਕਿ ਉਹ ਕੈਨੇਡਾ ਨੂੰ ਚਿੱਟਾ ਰੱਖਣਾ ਚਾਹੁੰਦਾ ਹੈ ਇਸ ਕਰਕੇ ਜੇ ਏਸ਼ੀਅਨ ਇਮੀਗਰੈਂਟਾਂ ਦੀ ਗਿਣਤੀ ਬਹੁਤੀ ਹੋ ਗਈ ਤਾਂ ਗੋਰਿਆਂ ਦੀ ਸਭਿਅਤਾ ਨੂੰ ਖਤਰਾ ਹੋ ਸਕਦਾ ਹੈ।

ਜੱਜ ਕਲਾਈਨ ਇਹ ਸਮਝਦਾ ਹੈ ਕਿ ਇਹ ਗੋਰਿਆਂ ਦਾ ਦੇਸ਼ ਹੈ ਜਦ ਕਿ ਇਨ੍ਹਾਂ ਨੇ ਧੱਕੇ ਨਾਲ ਆਦਿ ਵਾਸੀਆਂ ਤੋਂ ਖੋਹਿਆ ਹੈ। ਆਦਿ ਵਾਸੀਆਂ ਦਾ ਰੰਗ ਕੀ ਚਿੱਟਾ ਨਹੀਂ ਤੇ ਉਨ੍ਹਾਂ ਦੀ ਸਭਿਅਤਾ ਭੀ ਗੋਰਿਆਂ ਨਾਲ ਰਲਦੀ ਨਹੀਂ। ਸਚਾਈ ਇਹ ਹੈ ਕਿ ਗੋਰਿਆਂ ਨੇ ਆਪਦੀ ਸਭਿਅਤਾ ਇਨ੍ਹਾਂ ਲੋਕਾਂ ਤੇ ਠੋਸ ਕੇ ਆਦਿ ਵਾਸੀਆਂ ਦੀ ਸਭਿਅਤਾ ਕੁੱਚਲ ਦਿੱਤੀ ਹੈ। ਇਨ੍ਹਾਂ ਤੇ ਬੜੇ ਜ਼ੁਲਮ ਹੋਏ ਤੇ ਇਨ੍ਹਾਂ ਦੀ ਪਨੀਰੀ ਨੂੰ ਖਤਮ ਕਰਨ ਲਈ ਭੀ ਬੜੀ ਕੋਸ਼ਿਸ਼ ਕੀਤੀ ਗਈ ਹੈ।

ਇਮੀਗਰੇਸ਼ਨ ਦੀ ਨੀਤੀਆਂ 1967 ਤੱਕ ਨਸਲਵਾਦੀ ਰਹੀਆਂ ਹਨ। ਅੰਗਰੇਜ਼ਾਂ ਤੋਂ ਬਿਨਾਂ ਇਸ ਮੁਲਕ ਵਿਚ ਹੋਰ ਕੋਈ ਨਹੀਂ ਸੀ ਆ ਸਕਦਾ। 1900 ਤੋਂ ਪਹਿਲਾਂ ਬੀ ਸੀ ਵਿਚ ਓਨੇਂ ਹੀ ਚੀਨੇ ਸਨ ਜਿੰਨੇ ਕਿ ਗੋਰੇ। ਨਸਲੀ ਗੋਰਿਆਂ ਨੇ ਚੀਨਿਆਂ ਤੇ ਹੈੱਡ ਟੈਕਸ ਲਾਉਣਾ ਸ਼ੁਰੂ ਕਰ ਦਿੱਤਾ ਤੇ ਇਸ ਤਰ੍ਹਾਂ ਹੀ ਭਾਰਤੀ ਜੋ ਕਿ British Subject ਸਨ, ਉਨ੍ਹਾਂ ਦਾ ਕੈਨੇਡਾ ਆਉਣਾ ਬਹੁਤ ਕਠਨ ਕਰ ਦਿੱਤਾ ਤੇ ਸਖਤ ਪਾਬੰਦੀਆਂ ਲਾ ਦਿੱਤੀਆਂ।

1900 ਵਿਚ ਕੈਨੇਡਾ ਦੀ ਆਬਾਦੀ ਦਸ ਮਿਲੀਅਨ ਸੀ। 1967 ਵਿਚ ਆਬਾਦੀ 20 ਮਿਲੀਅਨ ਤੋਂ ਉਪਰ ਹੋ ਗਈ। 67 ਸਾਲਾਂ ਵਿਚ ਕੈਨੇਡਾ ਵਿਚ ਦਸ ਮਿਲੀਅਨ ਇਮੀਗਰੈਂਟ ਆਏ। ਇਨ੍ਹਾਂ ਵਿਚੋਂ ਬਹੁਤੀ ਮਿਕਦਾਰ ਅਮਰੀਕਾ ਜਾਂ ਯੂਰਪੀਅਨ ਚਿੱਟੇ ਲੋਕਾਂ ਦੀ ਸੀ। 1956 ਵਿਚ 160,000 ਇਮੀਗਰੈਂਟ ਆਏ ਤੇ 1975 ਵਿਚ 200,000 ਆਏ। ਇਸਤੋਂ ਬਾਅਦ ਇਮੀਗਰੇਸ਼ਨ ਘੱਟਦੀ ਹੀ ਗਈ। 1985 ਵਿਚ ਸਿਰਫ 85,000 ਆਏ।

1967 ਤੋਂ ਬਾਅਦ ਕੈਨੇਡਾ ਵਿਚ ਪੁਆਇੰਟ ਸਿਸਟਮ ਆਇਆ। ਕੈਨੇਡਾ ਨੇ ਪੜੇ ਲਿਖੇ ਗੁਣ ਵਾਲੇ ਅਮੀਰ ਤੇ ਮੁਕਦੀ ਗੱਲ ਕਿ ਹੋਰਾਂ ਮੁਲਕਾਂ ਤੋਂ ਮਲਾਈ ਲਾਹ ਲਿਆਂਦੀ — ਸੁਚੱਜੇ, ਹੁਸ਼ਿਆਰ ਤੇ ਉਹ ਇਮੀਗਰੈਂਟ ਜੋ ਸਿਆਸੀ ਤੌਰ ਤੇ ਭੀ ਫਿਟ ਆਉਂਦੇ ਸਨ, ਕੈਨੇਡਾ ਵਿਚ ਲਿਆਂਦੇ।

1871 ਵਿਚ 500,000 ਇਮੀਗਰੈਂਟ ਆਏ। ਇਹ ਲੋਕ ਇੰਗਲੈਂਡ ਤੋਂ ਜਾਂ ਅਮਰੀਕਾ ਤੋਂ ਆਏ ਸਨ। 1921 ਵਿਚ ਇੱਕ ਮਿਲੀਅਨ ਤੋਂ ਉਪਰ ਇਮੀਗਰੈਂਟ ਆਏ। 1946 ਤੋਂ 1955 ਤੱਕ ਇਟਾਲੀਅਨ 130,000 ; ਡੱਸ 100,000 ; ਜਰਮਨ 122,000 ਤੇ ਯੂਨਾਈਟਿਡ ਕਿੰਗਡਮ ਤੋਂ 338,000 ਇਮੀਗਰੈਂਟ ਆਏ। ਫਿਰ 1956 ਤੋਂ 1962 ਤੱਕ ਇੰਗਲੈਂਡ ਤੋਂ 230,000 ; ਇਟਲੀ 161,000 ; ਪਾਕਿਸਤਾਨ 6,000 ਤੇ ਭਾਰਤ ਤੋਂ ਲਗਪਗ ਦਸ ਹਜ਼ਾਰ ਆਏ। ਜੇ ਉਪਰਲੇ ਅੰਕੜਿਆਂ ਤੇ ਝਾਤ ਮਾਰੀਏ ਤਾਂ ਜੱਜ ਕਲਾਈਨ ਤੋਂ ਪੁੱਛਿਆ ਜਾਵੇ ਕਿ ਕੈਨੇਡਾ ਨੇ ਗੋਰਿਆਂ ਨੂੰ ਹੀ ਹਮੇਸ਼ਾ ਤਰਜੀਹ ਦਿੱਤੀ ਹੈ ਸਿਰਫ 1980 ਵਿਚ ਜਦ ਅਸੀਂ 50,000 ਬੋਟ ਲੋਕਾਂ ਨੂੰ ਰਫੂਜ਼ੀਆਂ ਦੇ ਤੌਰ ਤੇ ਪਨਾਹ ਦਿੱਤੀ ਤਾਂ ਏਸ਼ੀਅਨ ਲੋਕਾਂ ਦੀ ਗਿਣਤੀ ਯੂਰਪੀਅਨ ਲੋਕਾਂ ਤੋਂ ਵੱਧ ਗਈ।

ਪੁਆਇੰਟ ਸਿਸਟਮ ਦੇ ਅਧੀਨ ਅਸੀਂ ਨੌਜੁਆਨ ਲੋਕ 21 ਸਾਲ ਤੋਂ ਥੱਲੇ ਤੇ ਬਜ਼ੁਰਗ 50 ਸਾਲ ਤੋਂ ਉਪਰ ਲਿਆਉਂਦੇ ਹਾਂ। ਜੋ ਨੌਜੁਆਨ 21 ਸਾਲ ਤੋਂ ਥੱਲੇ ਆਉਂਦੇ ਹਨ ਉਨ੍ਹਾਂ ਸਾਰੀ ਜ਼ਿੰਦਗੀ ਕੈਨੇਡਾ ਦੇ ਲੇਖੇ ਹੀ ਲਾਉਣੀ ਹੈ ਤੇ ਉਨ੍ਹਾਂ ਨੂੰ ਉਹ ਨੌਕਰੀਆਂ ਮਿਲਦੀਆਂ ਹਨ ਜੋ ਹੋਰ ਕੈਨੇਡੀਅਨ ਮਨਜ਼ੂਰ ਨਹੀਂ ਕਰਦੇ। ਸਾਡੀ ਦੂਜੀ ਪਨੀਰੀ ਬਹੁਤ ਹੁਸ਼ਿਆਰ ਹੈ। ਪੜ੍ਹਨ ਤੇ ਖੇਡਾਂ ਵਿਚ ਇਨ੍ਹਾਂ ਗੋਰਿਆਂ ਨੂੰ ਮਾਤ ਪਾ ਦਿੱਤਾ ਹੈ। ਜੱਜ ਕਲਾਈਨ ਨੂੰ ਕੁਰਸੀ ਦਾ ਹੁਣ ਹੀ ਫਿਕਰ ਪੈ ਗਿਆ ਹੈ। ਅਜੇ ਤਾਂ ਅਸੀਂ ਤਿਆਰੀਆਂ ਕਰਦੇ ਹਾਂ। ਜ਼ਰੂਰ ਅਸੀਂ ਇਕ ਦਿਨ ਕੁਰਸੀਆਂ ਨੂੰ ਹੱਥ ਪਾਉਣਾ ਹੈ ਤੇ ਬਰਾਬਰਤਾ ਮੰਗਣੀ ਹੈ।

ਜੱਜ ਕਲਾਈਨ ਨੇ ਜੋ ਇਮੀਗਰੇਸ਼ਨ ਐਸੋਸੀਏਸ਼ਨ ਬਣਾਈ ਹੈ ਉਸਦਾ ਮਕਸਦ ਏਸ਼ੀਅਨ ਦਾ ਇਮੀਗਰੇਸ਼ਨ ਨੂੰ ਘਟਾਉਣਾ ਹੈ। ਜੋ ਇਮੀਗਰੇਸ਼ਨ ਚਾਚੇ, ਭਤੀਜੇ ਤੇ 21 ਸਾਲ ਤੋਂ ਉਪਰ ਰਿਸ਼ਤੇਦਾਰਾਂ ਨੂੰ ਖੋਹਲ ਰਹੇ ਸਨ, ਉਸਨੂੰ ਬੰਦ ਕਰਾਉਣ ਦਾ ਢਕੌਂਜ ਹੈ। ਟੋਰੀ ਸਰਕਾਰ ਦਾ ਸਿੱਖ ਰਫੂਜ਼ੀਆਂ ਮੁੱਖ ਰੱਖ ਕੇ ਪ੍ਰਚਾਰ ਕਰਨ ਦਾ ਮਤਲਬ ਇਹੀ ਸੀ ਕਿ ਕੈਨੇਡੀਅਨ ਲੋਕਾਂ ਵਿਚ ਇਮੀਗਰੈਂਟਾਂ ਦੇ ਵਿਰੁਧ ਨਫਰਤ ਪਰਚਾਰ ਹੋ ਜਾਵੇ ਤਾਂ ਉਹ ਬਿਲ ਵਾਪਸ ਲੈ ਲੈਣਗੇ। ਭਾਵੇਂ ਉਨ੍ਹਾਂ ਨੂੰ ਪਤਾ ਹੈ ਕਿ ਕੈਨੇਡਾ ਨੂੰ ਆਬਾਦੀ ਦੀ ਲੋੜ ਹੈ। 30 ਮਿਲੀਅਨ ਆਬਾਦੀ ਕਰਨ ਲਈ 2000 ਈਸਵੀ ਤੱਕ ਸਾਨੂੰ ਦੋ ਲੱਖ ਤੋਂ ਉਪਰ ਹਰ ਸਾਲ ਇਮੀਗਰੈਂਟ ਲਿਆਉਣੇ ਪੈਣਗੇ। ਜੇ ਰੰਗਦਾਰ ਲੋਕਾਂ ਨੇ ਰਲਕੇ ਰੌਲਾ ਨਾ ਪਾਇਆ ਤਾਂ ਹੋ ਸਕਦਾ ਹੈ ਨਸਲੀ ਗੋਰਿਆਂ ਦੇ ਅਸਰ ਥੱਲੇ ਆ ਕੇ ਟੋਰੀ ਸਰਕਾਰ ਗੋਰਿਆਂ ਦੀ ਪੱਖ ਵਾਲੀ ਇਮੀਗਰੈਂਟ ਨੀਤੀ ਲੈ ਆਵੇ। ਆਪ ਸਾਰੇ ਹੋਸ਼ਿਆਰ ਤੇ ਚੇਤੰਨ ਹੋ ਜਾਵੋ।

ਚਰਨਪਾਲ ਗਿੱਲ — ਪ੍ਰਧਾਨ

# ਪੰਜਾਬ ਕਾਂਗਰਸ ਵੀ ਜਲਸੇ ਕਰੇਗੀ

ਚੰਡੀਗੜ੍ਹ — ਪੰਜਾਬ ਕਾਂਗਰਸ ਦੀ ਪ੍ਰਦੇਸ਼ ਕਮੇਟੀ ਵਲੋਂ ਕੱਲ੍ਹ ਇਥੇ ਫੈਸਲਾ ਲਿਆ ਗਿਆ ਕਿ 1 ਨਵੰਬਰ ਤੋਂ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਉਹ ਕੌਮੀ ਏਕਤਾ ਸਬੰਧੀ ਜਲਸੇ ਕਰੇਗੀ।

ਕਾਂਗਰਸ ਦੇ ਪ੍ਰਧਾਨ ਸ. ਬੇਅੰਤ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਅਤਿਵਾਦੀ ਕਾਰਵਾਈਆਂ ਰੋਕਣ ਲਈ ਜਾਗਰਤ ਕੀਤਾ ਜਾਵੇਗਾ। ਹਿੰਦੂ-ਸਿਖ ਏਕਤਾ ਕਾਨਫਰੰਸਾਂ ਕੀਤੀਆਂ ਜਾਣਗੀਆਂ।

ਯਾਦ ਰਹੇ ਕਿ ਹੁਣ ਤੱਕ ਕਾਂਗਰਸ ਪੰਜਾਬ ਵਿਚ ਇਕ ਵੀ ਜਲਸਾ ਕਰਨ ਦੇ ਅਸਮਰਥ ਰਹੀ ਹੈ।

ਪੰਨਾ 4 ਦੀ ਬਾਕੀ

ਘਟਨਾ ਨਾਲ ਸਬੰਧਤ ਵਿਅਕਤੀਆਂ ਦੇ ਕੇਵਲ ਸਿੱਧੇ ਨਾਂ ਹੀ ਦਿੱਤੇ ਜਾਣਗੇ। ਸੰਭਾਵਨਾ ਹੈ ਕਿ ਹੁਣ 'ਇਕ ਫਿਰਕੇ' ਸ਼ਬਦ ਦੀ ਵਰਤੋਂ ਹੀ ਖਤਮ ਹੋ ਜਾਵੇਗੀ। ਸਮਝਿਆ ਜਾਂਦਾ ਹੈ ਕਿ ਪਿਛਲੇ ਅਰਸੇ ਵਿਚ 'ਇਕ ਫਿਰਕਾ' ਜਾਂ 'ਘੱਟ ਗਿਣਤੀਆਂ' ਸ਼ਬਦ ਇਕ ਖਾਸ ਅਰਥ ਧਾਰਨ ਕਰ ਗਏ ਸਨ।

ਮੀਟਿੰਗ ਵਿਚ ਸ੍ਰੀ ਵੀ ਐਨ ਨਰਾਇਨਣ ਐਡੀਟਰ ਇਨ ਚੀਫ ਟ੍ਰਿਬਿਊਨ ਪ੍ਰਕਾਸ਼ਨ ਸਮੂਹ, ਸ੍ਰੀ ਪ੍ਰੇਮ ਕੁਮਾਰ ਐਡੀਟਰ ਇੰਡੀਅਨ ਐਕਸਪ੍ਰੈਸ, ਸ੍ਰੀ ਗੁਲਜ਼ਾਰ ਸਿੰਘ ਸੰਧੂ ਐਡੀਟਰ ਪੰਜਾਬੀ ਟ੍ਰਿਬਿਊਨ, ਸੀ. ਆਰ. ਐਸ ਸੋਢੀ ਐਡੀਟਰ ਅਕਾਲੀ ਪੱਤ੍ਰਿਕਾ, ਸ੍ਰੀ ਯਸ਼ ਐਡੀਟਰ ਮਿਲਾਪ, ਸ੍ਰੀ ਸੁਹੇਲ ਸਿੰਘ ਐਡੀਟਰ ਲੋਕ ਲਹਿਰ, ਕਾ. ਜਗਜੀਤ ਸਿੰਘ ਆਨੰਦ ਐਡੀਟਰ ਨਵਾਂ ਜ਼ਮਾਨਾ, ਸ੍ਰੀ ਸੀ ਮੋਹਨ ਐਡੀਟਰ ਵੀਰ ਪ੍ਰਤਾਪ ਜਲੰਧਰ, ਸ੍ਰੀ ਜਗਜੀਤ ਸਿੰਘ ਦਰਦੀ ਐਡੀਟਰ ਚੜ੍ਹਦੀ ਕਲਾ ਤੋਂ ਇਲਾਵਾ ਏਜੰਸੀਆਂ ਦੇ ਪ੍ਰਤੀਨਿਧ ਵੀ ਮੀਟਿੰਗ ਵਿਚ ਹਾਜ਼ਰ ਸਨ।



ਜਨਾਬ ਆਪਣੇ 'ਤੇ ਲੱਗਾ ਬੇਵੱਰਜ ਦਾ ਗਹਿਣ ਕਦੋਂ ਕੁ ਤਕ ਉਤਰੇਗਾ


MORTGAGE MONEY?

High mortgage amounts available on conventional basis
No insurance fees!
Purchasing or re-financing

Bad credit rating? Turn Down?

NO PROBLEM

Residential, Commercial, Motels & Interim financing.
1st & 2nd Mortgages

1 & 2nd Mortgage up to 85-90%

AFRO-CANADIAN MORTGAGE LTD.

8 YEARS EXPERIENCE
SHERALI VELJI
Monday to Friday 9.30 to 5.30
Saturday 11-4

Ph. 433-6391
Ste. 300-3665 Kingsway Vancouver, B.C
Res: 433-7975

GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!





ਗੁਰਜੀਤ ਢੀਂਡਸਾ ਬਾਵਾ

## ਬਾਦਲ, ਟੌਹੜਾ ਆਦਿ ਅਕਾਲੀ ਨੇਤਾ ਰਿਹਾਅ ਕੀਤੇ ਜਾਣ ਦੀ ਸੰਭਾਵਨਾ ਵਧੀ

ਨਵੀਂ ਦਿੱਲੀ — ਭਰੋਸੇਯੋਗ ਵਸੀਲਿਆਂ ਤੋਂ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸਿਮਰਨਜੀਤ ਸਿੰਘ ਮਾਨ, ਸੁਖਜਿੰਦਰ ਸਿੰਘ ਅਤੇ ਹੋਰ ਪ੍ਰਮੁਖ ਅਕਾਲੀ ਨੇਤਾਵਾਂ ਨੂੰ ਰਿਹਾ ਕਰਨ ਬਾਰੇ ਲਗਪਗ ਫੈਸਲਾ ਕਰ ਲਿਆ ਹੈ। ਦੱਸਿਆ ਜਾਂਦਾ ਹੈ ਕਿ ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਅਜੇ ਤੱਕ ਇਹਨਾਂ ਨੇਤਾਵਾਂ ਵਿਰੁੱਧ ਕੋਈ ਕੇਸ ਪੱਕੇ ਤੌਰ ਤੇ ਸਥਾਪਤ ਨਹੀਂ ਕੀਤਾ ਜਾ ਸਕਿਆ। ਦੂਜਾ ਕਾਰਨ ਜੋ ਸਭ ਤੋਂ ਪ੍ਰਮੁਖ ਦੱਸਿਆ ਜਾਂਦਾ ਹੈ, ਉਹ ਇਹ ਹੈ ਕਿ ਸਾਂਝਾ ਅਕਾਲੀ ਦਲ ਅਤੇ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਇਕ ਪਾਸੇ ਅਤੇ ਚਾਰ ਸਿੰਘ ਸਾਹਿਬਾਨ ਤੇ ਖਾੜਕੂ ਦੂਜੇ ਪਾਸੇ ਹੋ ਕੇ ਆਹਮੋ ਸਾਹਮਣੇ ਖੜ੍ਹੇ ਹੋ ਗਏ ਹਨ ਅਤੇ ਇਕ ਦੂਜੇ ਦੀ ਸਰਵਚੂਤਾ ਅਤੇ ਪੰਥਕ ਅਗਵਾਈ ਦੇ ਅਧਿਕਾਰਾਂ ਨੂੰ ਵੰਗਾਰ ਰਹੇ ਹਨ। ਸਿੱਟੇ ਵਜੋਂ ਸਿੱਖਾਂ ਵਿਚਕਾਰ ਇਕ ਤਰ੍ਹਾਂ ਨਾਲ ਖਾਨਾਜੰਗੀ ਦੇ ਹਾਲਾਤ ਪੈਦਾ ਹੋ ਗਏ ਹਨ। ਸਰਕਾਰ ਸਮਝਦੀ ਹੈ ਕਿ ਜੇ ਇਨ੍ਹਾਂ ਹਾਲਾਤ ਵਿਚ ਅਕਾਲੀ ਨੇਤਾਵਾਂ ਨੂੰ ਜੇਲ੍ਹਾਂ ਵਿਚ ਬੰਦ ਰੱਖਿਆ ਗਿਆ ਤਾਂ ਸਿੱਖਾਂ ਵਿਚ ਆਪਸੀ ਲੜਾਈ ਦੇ ਜੋ ਹਾਲਾਤ ਪੈਦਾ ਹੋਏ ਹਨ, ਉਨ੍ਹਾਂ ਦੀ ਜ਼ਿਮੇਂਵਾਰੀ ਤੋਂ ਉਹ ਪੂਰੀ ਤਰ੍ਹਾਂ ਬਚ ਜਾਣਗੇ।

## ਅਹਿਮ ਵਿਅਕਤੀਆਂ ਨਾਲ ਲੱਗੇ ਸੁਰੱਖਿਆ ਜਵਾਨਾਂ ਦੀ ਗਿਣਤੀ ਘਟੇਗੀ

ਚੰਡੀਗੜ੍ਹ — ਪੰਜਾਬ ਸਰਕਾਰ ਮੁਹੱਤਵਪੂਰਨ ਵਿਅਕਤੀਆਂ ਨਾਲ ਲੱਗੇ ਸੁਰੱਖਿਆ ਜਵਾਨਾਂ ਦੀ ਗਿਣਤੀ ਘਟਾਉਣ ਬਾਰੇ ਸੋਚ ਰਹੀ ਹੈ ਤਾਂ ਜੋ ਲੱਖਾਂ ਰੁਪਏ ਦਾ ਸਕਿਊਰਿਟੀ ਖਰਚਾ ਘਟਾਇਆ ਜਾ ਸਕੇ। ਛੇਤੀ ਹੀ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਉਚ ਪੱਧਰੀ ਗੌਰ ਕੀਤੀ ਜਾਵੇਗੀ। ਰਾਜ ਵਿਚ ਉਂਗਲਾਂ 'ਤੇ ਗਿਣੇ ਜਾਣ ਜੋਗੇ ਵਿਧਾਇਕਾਂ ਨੂੰ ਛੱਡ ਕੇ ਸਾਰੀਆਂ ਹੀ ਰਾਜਸੀ ਪਾਰਟੀਆਂ ਦੇ ਵਿਧਾਇਕਾਂ ਨੇ ਸੁਰੱਖਿਆ ਲਈ ਹੋਈ ਹੈ। ਰਾਜ ਸਰਕਾਰ ਨੂੰ ਕੇਵਲ ਮਹੱਤਵਪੂਰਨ ਵਿਅਕਤੀਆਂ ਦੀ ਸੁਰੱਖਿਆ ਲਈ ਲੱਖਾਂ ਰੁਪਏ ਖਰਚ ਕਰਨੇ ਪੈ ਰਹੇ ਹਨ।

ਸਰਕਾਰੀ ਸੂਤਰਾਂ ਅਨੁਸਾਰ ਜਿਨ੍ਹਾਂ ਵਿਧਾਇਕਾਂ ਨੇ ਸੁਰੱਖਿਆ ਨਹੀਂ ਲਈ ਹੋਈ ਉਨ੍ਹਾਂ ਵਿਚੋਂ ਕਈ ਮੈਂਬਰ ਸੰਯੁਕਤ ਅਕਾਲੀ ਦਲ ਦੇ ਹਨ। ਪ੍ਰੰਤੂ ਘੱਟੋ ਘੱਟ ਦੋ ਨਾਂ ਅਜਿਹੇ ਵੀ ਹਨ ਜਿਹੜੇ ਅਕਾਲੀ ਦਲ (ਲੌਂ:) ਨਾਲ ਸਬੰਧਤ ਹਨ ਤੇ ਬਰਨਾਲਾ ਸਰਕਾਰ ਵਿਚ ਮੰਤਰੀ ਰਹਿ ਚੁਕੇ ਹਨ। ਸੰਯੁਕਤ ਅਕਾਲੀ ਦਲ ਦੇ ਜਿਨ੍ਹਾਂ ਵਿਧਾਇਕਾਂ ਨੇ ਸੁਰੱਖਿਆ ਨਹੀਂ ਮੰਗੀ ਉਨ੍ਹਾਂ ਵਿਚ ਸਰਵਸ਼੍ਰੀ ਸੁਖਦੇਵ ਸਿੰਘ ਢੀਂਡਸਾ, ਇੰਦਰਜੀਤ ਸਿੰਘ ਜੇਜੀ, ਜਸਦੇਵ ਸਿੰਘ ਸੰਧੂ, ਬਲਵਿੰਦਰ ਸਿੰਘ ਭੂੰਦੜ ਸ਼ਾਮਲ ਹਨ। ਅਕਾਲੀ ਦਲ (ਲੌਂ:) ਦੇ ਸਾਬਕਾ ਮੰਤਰੀ ਹਰਦੀਪਇੰਦਰ ਸਿੰਘ ਅਤੇ ਗਿਆਨੀ ਕੁੰਦਨ ਸਿੰਘ ਪਤੰਗ ਅਤੇ ਜਨਤਾ ਵਿਧਾਇਕ ਕ੍ਰਿਪਾਲ ਸਿੰਘ ਵੀ ਇਸ ਸੂਚੀ ਵਿਚ ਸ਼ਾਮਲ ਹਨ। ਜਿਹੜੇ ਜੇਲ੍ਹਾਂ ਅੰਦਰ ਬੈਠੇ ਹਨ ਉਨ੍ਹਾਂ ਨੂੰ ਸੁਰੱਖਿਆ ਦੀ ਲੋੜ ਨਹੀਂ। ਇਨ੍ਹਾਂ ਵਿਚੋਂ ਸਾਬਕਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ. ਸੁਖਜਿੰਦਰ ਸਿੰਘ ਦੀ ਸਕਿਊਰਿਟੀ ਜੇਲ੍ਹ ਜਾਣ ਮਗਰੋਂ ਵਾਪਸ ਲੈ ਲਈ ਗਈ ਸੀ। ਸਾਧਾਰਨ ਤੌਰ ਉਤੇ ਸਰਕਾਰ ਨੇ ਇਕ ਜਾਂ ਦੋ ਗੰਨਮੈਨ ਵਿਧਾਇਕ ਨੂੰ ਦਿੱਤੇ ਹੋਏ ਹਨ।

ਜਾਣਕਾਰ ਹਲਕਿਆਂ ਅਨੁਸਾਰ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਾਲ ਇਸ ਸਮੇਂ 70 ਤੋਂ 80 ਸਕਿਊਰਿਟੀ ਜਵਾਨ ਹਨ। ਉਨ੍ਹਾਂ ਦੇ ਨਾਲ ਬਾਹਰ ਫੌਰਸ ਜਾਣ ਲਈ ਤਿੰਨ ਸਕਿਊਰਿਟੀ ਗਾਰਦ ਦੀਆਂ ਕਾਰਾਂ ਹਨ। ਸ. ਬਰਨਾਲਾ ਲਈ ਵਰਤੀ ਜਾਂਦੀ ਚੌਥੀ ਕਾਰ ਵੀ ਸਰਕਾਰੀ ਹੀ ਹੈ। ਬਰਨਾਲਾ ਮੰਤਰੀ ਮੰਡਲ ਵਿਚ ਦੂਜੇ ਨੰਬਰ ਉਤੇ ਰਹਿ ਚੁਕੇ ਵਿੱਤ ਮੰਤਰੀ ਬਲਵੰਤ ਸਿੰਘ ਲਈ 25-30 ਸਕਿਊਰਿਟੀ ਜਵਾਨ ਹਨ। ਇਨ੍ਹਾਂ ਤੋਂ ਇਲਾਵਾ ਚੰਡੀਗੜ੍ਹ ਵਿਚ ਹੀ ਅਕਾਲੀ ਸਰਕਾਰ ਦੇ ਸਾਬਕਾ ਮੰਤਰੀਆਂ ਸ. ਨੱਥਾ ਸਿੰਘ ਦਾਲਮ, ਮੇਜਰ ਸਿੰਘ ਉਬੋਕੇ ਅਤੇ ਬਲਦੇਵ ਸਿੰਘ ਖਿਆਲਾ ਨੂੰ ਸਕਿਊਰਿਟੀ ਮੁਹੱਈਆ ਕੀਤੀ ਹੋਈ ਹੈ। ਕਾਂਗਰਸ (ਆਈ) ਦੇ ਸ੍ਰੀ ਸੇਵਾ ਰਾਮ ਤੇ ਡਾ. ਕੇਵਲ ਕ੍ਰਿਸ਼ਨ ਲਈ ਵੀ ਮਜ਼ਬੂਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਹਨ। ਸਰਕਾਰ ਵਲੋਂ ਸਕਿਊਰਿਟੀ ਲਈ ਤਾਇਨਾਤ ਇਕ ਜਵਾਨ ਉਤੇ ਕੋਈ 2000 ਰੁਪਏ ਖਰਚ ਕੀਤਾ ਜਾਂਦਾ ਹੈ। ਉਨ੍ਹਾਂ ਦੇ ਦੂਜੇ ਜਵਾਨਾਂ ਨਾਲੋਂ ਭੱਤੇ ਆਦਿ ਦੇ ਖਰਚੇ ਵੀ ਵਧ ਜਾਂਦੇ ਹਨ।

## ਰਾਜੀਵ ਤੋਂ ਅਸਤੀਫਾ ਤੇ ਮੱਧ-ਕਾਲੀ ਚੋਣਾਂ ਦੀ ਮੰਗ ਸਬੰਧੀ ਵਿਸ਼ਾਲ ਰੈਲੀ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਅਸਤੀਫੇ ਅਤੇ ਪਾਰਲੀਮੈਂਟ ਦੀਆਂ ਮੱਧ-ਕਾਲੀ ਚੋਣਾਂ ਦੀ ਮੰਗ ਨੂੰ ਲੈ ਕੇ ਇਥੇ ਬੋਟ ਕਲੱਬ ਵਿਖੇ ਵਿਸ਼ਾਲ ਯੁਥ ਰੈਲੀ ਹੋਈ। ਰੈਲੀ ਦਾ ਆਯੋਜਨ ਸੀ ਪੀ ਆਈ (ਐਮ) ਨਾਲ ਸੰਬੰਧਿਤ ਡੇਮੋਕਰੇਟਿਕ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ ਸੀ। ਰੈਲੀ ਵਿਚ ਮਤਾ ਪਾਸ ਕਰਕੇ ਸ੍ਰੀ ਰਾਜੀਵ ਸਰਕਾਰ ਤੇ ਦੋਸ਼ ਲਾਇਆ ਗਿਆ ਕਿ ਇਹ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਅਸਮਰਥ ਰਹੀ ਹੈ। ਬੇਰੁਜ਼ਗਾਰੀ ਤੇ ਪੇਂਡੂ ਗਰੀਬੀ ਖਤਰਨਾਕ ਮੋੜ ਤੱਕ ਆਪਣਾ ਪਸਾਰਾ ਕਰ ਚੁੱਕੀ ਹੈ। ਮਤੇ ਵਿਚ ਕਿਹਾ ਗਿਆ ਕਿ ਦੇਸ਼ ਵਿਚ ਬੇਰੁਜ਼ਗਾਰਾਂ ਦੀ ਗਿਣਤੀ 12 ਕਰੋੜ ਤੱਕ ਪਹੁੰਚ ਗਈ ਹੈ। ਮਤੇ ਵਿਚ ਇਹ ਵੀ ਕਿਹਾ ਗਿਆ ਹੈ ਕਿ ਭਾਰਤੀ ਮੰਡੀ ਤੋਂ ਵਿਦੇਸ਼ੀ ਬਹੁ-ਕੌਮੀ ਕੰਪਨੀਆਂ ਤੇ ਭਾਰਤੀ ਅਜ਼ਾਰੇਦਾਰ ਲਾਭ ਉਠਾ ਰਹੇ ਹਨ ਤੇ ਸਰਕਾਰ ਦੀ ਨਵੀਂ ਨੀਤੀ ਵੀ ਅਮੀਰਾਂ ਦੇ ਹਿੱਤਾਂ ਨੂੰ ਪੂਰਦੀ ਹੈ।

## ਸੱਜੇ ਪੱਖੀ ਮੀਟਿੰਗ 'ਤੇ ਸੁਰਜੀਤ ਦੇ 'ਹਮਲੇ'

ਨਵੀਂ ਦਿੱਲੀ — ਮਾਰਕਸੀ ਕਮਿਊਨਿਸਟ ਨੇਤਾ ਕਾ: ਹਰਕਿਸ਼ਨ ਸਿੰਘ ਸੁਰਜੀਤ ਨੇ ਸੱਜੇ ਪੱਖੀ ਪਾਰਟੀਆਂ ਦੀ ਮੀਟਿੰਗ ਦੀ ਆਲੋਚਨਾ ਕਰਦਿਆਂ ਇਸ ਨੂੰ ਬੇਅਸੂਲਾ ਗਠਜੋੜ ਕਿਹਾ ਹੈ। ਮੀਟਿੰਗ ਵਿਚ ਭਾਜਪਾ ਦੀ ਸ਼ਮੂਲੀਅਤ ਦੀ ਕਾ: ਸੁਰਜੀਤ ਨੇ ਨਿੰਦਾ ਕੀਤੀ ਤੇ ਕਿਹਾ ਕਿ ਫਿਰਕੂ ਸ਼ਕਤੀਆਂ ਇੱਕਾ ਦਾ ਬਦਲ ਨਹੀਂ ਬਣ ਸਕਦੀਆਂ।

## ਅਮਿਤਾਬ ਬੱਚਨ ਵਲੋਂ ਅਲਾਹਾਬਾਦ ਉਪ-ਚੋਣ ਲੜਨ ਲਈ ਫਿਰ ਤੋਂ ਤਿਆਰੀ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਫਿਲਮ ਅਭਿਨੇਤਾ ਅਮਿਤਾਬ ਬੱਚਨ ਜਿਸ ਨੇ ਸਿਆਸਤ ਤੋਂ ਸੰਨਿਆਸ ਲੈਣ ਲਈ ਲੋਕ ਸਭਾ ਦੀ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ, ਨੇ ਫਿਰ ਸਿਆਸਤ ਵਿਚ ਕੁੱਦਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੇ ਨੇੜੇ ਦੇ ਸਾਥੀਆਂ ਦਾ ਇਹ ਕਹਿਣਾ ਹੈ ਕਿ ਸਵੀਡਨ ਦੇ ਬੋਫੋਰਸ ਤੋਪਾਂ ਦੇ ਸੌਦੇ ਵਿਚ ਕਮਿਸ਼ਨ ਦੇਣ ਸਬੰਧੀ ਬੋਫੋਰਸ ਕੰਪਨੀ ਦੇ ਉਨ੍ਹਾਂ ਤੇ ਉਹਦੇ ਭਾਈ ਅਜੀਤਾਬ ਬਚਨ ਨੂੰ ਕਮਿਸ਼ਨ ਦੇ ਮਾਮਲੇ ਵਿਚ ਜੋ ਪੱਤਰ ਲਿਖਿਆ ਸੀ ਉਸ ਵਿਚ ਕੰਪਨੀ ਨੇ ਸਾਫ ਸ਼ਬਦਾਂ ਵਿਚ ਲਿਖਿਆ ਹੈ ਕਿ ਇਨ੍ਹਾਂ ਦੋਹਾਂ ਭਰਾਵਾਂ ਦਾ ਇਸ ਸੌਦੇ ਵਿਚ ਕਮਿਸ਼ਨ ਲੈਣ ਵਿਚ ਕੋਈ ਹੱਥ ਨਹੀਂ। ਇਹ ਇਸ ਗੱਲ ਦਾ ਸਬੂਤ ਹੈ ਕਿ ਇਨ੍ਹਾਂ ਦੋਹਾਂ ਭਰਾਵਾਂ ਤੇ ਜੋ ਦੋਸ਼ ਲਾਏ ਗਏ ਸਨ ਇਹ ਗਲਤ ਸਨ ਤੇ ਬੋਫੋਰਸ ਕੰਪਨੀ ਦੇ ਇਸ ਪੱਤਰ ਨਾਲ ਅਮੀਤਾਬ ਬਚਨ ਦੀ ਪੁਜ਼ੀਸ਼ਨ ਮਜ਼ਬੂਤ ਹੋਈ ਹੈ ਤੇ ਉਹ ਫਿਰ ਤੋਂ ਅਲਾਹਾਬਾਦ ਤੋਂ ਸੰਸਦ ਦੀ ਉਪ ਚੋਣ ਲੜਨ ਲਈ ਤਿਆਰੀ ਕਰ ਰਹੇ ਹਨ।

## ਭਾਰਤ-ਸ੍ਰੀਲੰਕਾ ਸਮਝੌਤੇ ਦੀ ਸੰਯੁਕਤ ਰਾਸ਼ਟਰ 'ਚ ਪ੍ਰਸੰਸਾ

ਸੰਯੁਕਤ ਰਾਸ਼ਟਰ — ਸ੍ਰੀਲੰਕਾ ਨੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੇ ਉਤਰੀ ਭਾਗਾਂ ਵਿਚ ਦਹਿਸ਼ਤਵਾਦ ਇਕ ਤਰ੍ਹਾਂ ਨਾਲ ਖਤਮ ਹੋ ਗਿਆ ਹੈ। ਇਸ ਦਾ ਕਾਰਨ ਭਾਰਤ-ਸ੍ਰੀਲੰਕਾ ਸਮਝੌਤਾ ਹੈ ਜੋ ਸਿਆਣਪ ਅਤੇ ਦੂਰਅੰਦੇਸ਼ੀ ਦਾ ਇਕ ਸਬੂਤ ਹੈ। ਲੰਕਾ ਦੇ ਵਿਦੇਸ਼ ਮੰਤਰੀ ਏ. ਸੀ. ਐਸ. ਹਮੀਦ ਨੇ ਦੱਸਿਆ ਕਿ ਸਮਝੌਤੇ ਨਾਲ ਸਾਰੀ ਸਥਿਤੀ ਵਿਚ ਤਬਦੀਲੀ ਆਈ ਹੈ ਅਤੇ ਇਸ ਦਾ ਵਿਆਪਕ ਸਵਾਗਤ ਹੋਇਆ ਹੈ।

ਬਰਤਾਨਵੀ ਵਿਦੇਸ਼ ਸਕੱਤਰ ਸਰ ਜਾਫਰੀ ਹੋਅ ਨੇ ਵੀ ਸਮਝੌਤੇ ਨੂੰ ਇਕ ਦਲੇਰਾਨਾ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਸਮਝੌਤੇ ਲਈ ਕੰਮ ਕੀਤਾ ਹੈ, ਉਨ੍ਹਾਂ ਨੇ ਇਕ ਵੱਡੇ ਹੌਂਸਲੇ ਵਾਲਾ ਕੰਮ ਕੀਤਾ ਹੈ ਅਤੇ ਹੁਣ ਹਰ ਇਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਦੀ ਸਫਲਤਾ ਲਈ ਕੰਮ ਕਰੇ। ਪਰ ਸ੍ਰੀ ਹਮੀਦ ਨੇ ਤਾਮਿਲ ਖਾੜਕੂਆਂ ਨੂੰ "ਦਹਿਸ਼ਤਗਰਦਾਂ ਦੇ ਟੋਲੇ" ਦੱਸਿਆ ਤੇ ਕਿਹਾ ਕਿ ਭਾਵੇਂ ਦਹਿਸ਼ਤਵਾਦ ਖਤਮ ਹੋ ਚੁੱਕਾ ਹੈ ਤਾਂ ਵੀ ਦਹਿਸ਼ਤਪਸੰਦਾਂ ਦਰਮਿਆਨ ਆਪਸ ਵਿਚ ਲੜਾਈ ਚਲਦੀ ਹੈ।

ਰੂਸ ਦੇ ਵਿਦੇਸ਼ ਮੰਤਰੀ ਸ਼ੇਵਰ ਨਾਦਜ਼ੇ ਨੇ ਪਿਛਲੇ ਹਫਤੇ ਰੂਸ ਤੇ ਅਮਰੀਕਾ ਵਿਚਕਾਰ ਦਰਮਿਆਨੀ ਦੂਰੀ ਤੱਕ ਮਾਰਨ ਕਰਨ ਵਾਲੀਆਂ ਮਿਜ਼ਾਈਲਾਂ ਖਤਮ ਕਰਨ ਬਾਰੇ ਹੋਏ ਸਮਝੌਤੇ ਨੂੰ ਇਕ ਮਹਾਨ ਕਾਰਜ ਕਰਾਰ ਦਿੱਤਾ। ਖਾੜੀ ਦੀ ਸਥਿਤੀ ਨੂੰ ਅਤਿ ਭਿਆਨਕ ਕਰਾਰ ਦਿੰਦਿਆਂ ਰੂਸੀ ਮੰਤਰੀ ਨੇ ਕਿਹਾ ਕਿ ਇਰਾਨ ਤੇ ਇਰਾਕ ਵਿਚਕਾਰ ਤੁਰਤ ਜੰਗਬੰਦੀ ਹੋਣੀ ਚਾਹੀਦੀ ਹੈ।

ਚੀਨ ਦੇ ਵਿਦੇਸ਼ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਮਾਲਕ ਦੂਜੇ ਮੁਲਕਾਂ ਨੂੰ ਐਟਮੀ ਹਥਿਆਰ ਬਣਾਉਣ ਲਈ ਕਦੇ ਵੀ ਸ਼ਹਿ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਇਸ ਬਾਰੇ ਪੱਛਮੀ ਮੁਲਕਾਂ ਵਿਚ ਸਮੇਂ ਸਮੇਂ ਛਪਦੀਆਂ ਖਬਰਾਂ ਗਲਤ ਹਨ।


ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਸੂਟ ਸਾੜ੍ਹੀਆਂ
ਵਧੀਆ ਪਰਦੇ ਬਣਾਉਣ ਲਈ ਇਕੋ ਇਕ ਭਰੋਸੇ ਯੋਗ ਸਟੋਰ




SHAN
SAREES &
DRAPERY LTD.
Serving you since 1970

ਸਾਡੇ ਤਜਰਬੇ ਦਾ ਲਾਭ ਉਠਾਉਣ ਲਈ
ਅੱਜ ਹੀ ਮੁਫ਼ਤ ਐਸਟੀਮੇਟ ਲਈ ਫ਼ੋਨ ਕਰੋ
ਜਾਂ ਦਰਸ਼ਨ ਦਿਓ

6543 Main St., Vancouver, B.C.
Ph. 321-1955, 321-0847



### Matrimonial

Brother invites correspondence from highly educated, professional, Jat Sikh girls from USA, Canada or U.K. for clean-shaven Jat Sikh, 34, 6 ft., M.S. Computer Science, well settled, Engineering Manager, U.S. Citizen. Reply with returnable photo:

P.O.BOX 272415
Concord, CA. 94527
U.S.A.

### ਮੈਟਰੀਮੋਨੀਅਲ

ਜੱਟ ਸਿੱਖ ਪ੍ਰਵਾਰ ਦੇ 25-ਸਾਲਾ ਇਲੈਕਟ੍ਰੀਕਲ ਇੰਜਨੀਅਰ ਤੇ ਟੈਕਨਾਲੌਜਿਸਟ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 11 ਇੰਚ ਹੈ। ਇਸ ਸਮੇਂ ਇੰਡੀਆ ਵਿਚ ਹੈ। ਲੜਕੇ ਦੇ ਭਰਾ ਕੈਨੇਡਾ ਵਿਚ ਸੈਟਲ ਹਨ। ਲੜਕੇ ਦੇ ਪਿਤਾ ਇੰਡੀਆ ਵਿਚ ਪ੍ਰੋਫੈਸਰ ਹਨ। ਪ੍ਰਵਾਰ ਵਲੋਂ ਕਿਸੇ ਕਿਸਮ ਦੀ ਹੋਰ ਕੋਈ ਮੰਗ ਨਹੀਂ। ਲੜਕੀ ਬਾਰੇ ਜਾਣਕਾਰੀ ਇਸ ਪਤੇ ਉਤੇ ਭੇਜੀ ਜਾ ਸਕਦੀ ਹੈ:

B.S.B. No. 221
C/o The Canada Darpan
P.O.BOX 265
Surrey, B.C. V3T 4W8

# ਰਾਜੀਵ ਗਾਂਧੀ ਕੋਲ ਪੰਜਾਬ ਦਾ ਹੱਲ ਹੈ ?

## 'ਨਿਊਜ਼ਵੀਕ' ਰਸਾਲੇ ਨਾਲ ਮੁਲਾਕਾਤ

ਪਤਾ ਲੱਗਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ 'ਨਿਊਜ਼ਵੀਕ' ਹਫਤਾਵਾਰ ਨੂੰ ਇਕ ਮੁਲਾਕਾਤ ਵਿਚ ਕਿਹਾ ਹੈ ਕਿ ਉਸ ਕੋਲ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਦੀ ਸਕੀਮ ਹੈ ਤੇ ਉਹ ਪੰਜਾਬ ਦੇ ਮਸਲੇ ਨੂੰ ਸਮੁੱਚੇ ਰੂਪ ਵਿਚ ਹੱਲ ਕਰਨ ਦਾ ਇਛਕ ਹੈ। ਉਸਨੇ ਕਿਹਾ ਕਿ ਉਸ ਦੀ ਸਕੀਮ ਸਮੇਂ ਦੀ ਪਾਬੰਦ ਨਹੀਂ। ਉਸਨੇ ਕਿਹਾ ਪੰਜਾਬ ਵਿਚ ਪਹਿਲਾਂ ਦਹਿਸ਼ਤਗਰਦੀ ਖਤਮ ਕਰਨੀ ਹੈ — ਫਿਰ ਪਲਾਨ ਲਾਗੂ ਕੀਤੀ ਜਾਵੇਗੀ।

ਸ੍ਰੀ ਲੰਕਾ ਦੇ ਮਸਲੇ ਬਾਰੇ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਕੁਝ ਤਾਕਤਾਂ ਸ੍ਰੀ ਲੰਕਾ ਤੇ ਭਾਰਤ ਵਿਚਕਾਰ ਹੋਏ ਸਮਝੌਤੇ ਨੂੰ ਤੋੜਨਾ ਚਾਹੁੰਦੀਆਂ ਹਨ।

# ਫੇਅਰਫੈਕਸ ਦਾ ਭਾੜਾ ਨੁਸਲੀ ਵਾਡੀਆਂ ਨੇ ਅਦਾ ਕੀਤਾ

ਨਵੀਂ ਦਿੱਲੀ — ਫੇਅਰਫੈਕਸ ਕਮਿਸ਼ਨ ਦੇ ਵਕੀਲ ਜੀ. ਰਾਮਾਸਵਾਮੀ ਨੇ ਕਮਿਸ਼ਨ ਅੱਗੇ ਦਾਅਵਾ ਕੀਤਾ ਕਿ ਬੰਬੇ ਡਾਈਂਗ ਗਰੁੱਪ ਦੇ ਚੇਅਰਮੈਨ ਸ੍ਰੀ ਨੁਸਲੀ ਵਾਡੀਆ ਨੇ ਆਪਣੇ ਵਿਰੋਧੀ ਗਰੁੱਪ, ਰਿਲਾਇੰਸ ਇੰਡਸਟਰੀਜ਼ ਵਲੋਂ ਵਿਦੇਸ਼ੀ ਸਿੱਕਾ ਕਾਨੂੰਨ ਦੀਆਂ ਕਥਿਤ ਉਲੰਘਣਾਵਾਂ ਦਾ ਪਤਾ ਲਾਉਣ ਲਈ ਅਮਰੀਕੀ ਗੁਪਤਚਰ ਏਜੰਸੀ ਫੇਅਰਫੈਕਸ ਦੀਆਂ ਸੇਵਾਵਾਂ ਭਾੜੇ 'ਤੇ ਹਾਸਲ ਕੀਤੀਆਂ। ਫੇਅਰਫੈਕਸ ਵਿਵਾਦ ਦੀ ਜਾਂਚ ਕਰ ਰਹੇ ਕਮਿਸ਼ਨ ਦੇ ਪ੍ਰੀਜ਼ਾਈਡਿੰਗ ਅਫਸਰਾਂ ਜਸਟਿਸ ਐਮ. ਪੀ. ਠੱਕਰ ਤੇ ਜਸਟਿਸ ਏ. ਨਟਰਾਜਨ ਅੱਗੇ ਅੰਤਮ ਦਲੀਲਾਂ ਪੇਸ਼ ਕਰਦਿਆਂ ਸ੍ਰੀ ਰਾਮਾਸਵਾਮੀ ਨੇ ਦਾਅਵਾ ਕੀਤਾ ਕਿ ਪ੍ਰਾਪਤ ਸਬੂਤਾਂ ਦੇ ਜਾਇਜ਼ੇ ਤੋਂ ਇਸ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸ੍ਰੀ ਵਾਡੀਆ ਨੇ ਫੇਅਰਫੈਕਸ ਏਜੰਸੀ ਦੀਆਂ ਸੇਵਾਵਾਂ ਹਾਸਲ ਕਰਨ ਦੇ ਮਨੋਰਥ ਦੀ ਪੂਰਤੀ ਲਈ ਰਾਜਸਵ ਗੁਪਤਚਰ ਨਿਰਦੇਸ਼ਾਲੇ ਦੇ ਸਾਬਕਾ ਡਾਇਰੈਕਟਰ ਸ੍ਰੀ ਭੂਰੇ ਲਾਲ ਨੂੰ ਵਰਤਿਆ।

ਸ੍ਰੀ ਰਾਮਾਸਵਾਮੀ ਨੇ ਇਹ ਵੀ ਤਰਕ ਪੇਸ਼ ਕੀਤਾ ਕਿ ਫੇਅਰਫੈਕਸ ਏਜੰਸੀ ਦੇ ਮੁਖੀ ਮਾਈਕਲ ਹਰਸ਼ਮੈਨ ਦੀ ਪਿਛਲੇ ਸਾਲ ਨਵੰਬਰ ਮਹੀਨੇ ਦੌਰਾਨ ਦੀ ਭਾਰਤ ਫੇਰੀ ਲਈ ਸ੍ਰੀ ਵਾਡੀਆ ਜ਼ਿਮੇਂਵਾਰ ਸਨ। ਇਸ ਗੱਲ ਦੀ ਸੰਭਾਵਨਾ ਵੀ ਕਾਫੀ ਠੋਸ ਜਾਪਦੀ ਹੈ ਕਿ ਸ੍ਰੀ ਵਾਡੀਆ ਨੇ ਆਪਣੇ ਵਲੋਂ ਫੀਸ ਅਦਾ ਕਰਕੇ ਫੇਅਰਫੈਕਸ ਏਜੰਸੀ ਨੂੰ ਭਾਰਤ ਸਰਕਾਰ ਲਈ "ਮੁਫਤ ਕੰਮ ਕਰਨ" ਵਾਸਤੇ ਰਾਜ਼ੀ ਕੀਤਾ।

**ਹੈਰਾਨੀ ਦੀ ਗੱਲ :**— ਸ੍ਰੀ ਰਾਮਾਸਵਾਮੀ ਨੇ ਕਿਹਾ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਮਾਈਕਲ ਹਰਸ਼ਮੈਨ ਨੇ ਕਮਿਸ਼ਨ ਵਲੋਂ ਭੇਜੇ ਨੋਟਿਸਾਂ ਦਾ ਅਜੇ ਤੱਕ ਜਵਾਬ ਨਹੀਂ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਮਾਈਕਲ ਹਰਸ਼ਮੈਨ ਨੇ ਸ੍ਰੀ ਵਾਡੀਆ ਨਾਲ ਅਜੇ ਤੱਕ ਰਾਬਤਾ ਬਣਾਇਆ ਹੋਇਆ ਹੈ ਅਤੇ ਵਿਦੇਸ਼ ਬੈਠਿਆਂ ਵੀ ਸ੍ਰੀ ਵਾਡੀਆ ਦੀ ਮੱਦਦ ਕਰ ਰਿਹਾ ਹੈ। ਵਕੀਲ ਨੇ ਇਹ ਵੀ ਕਿਹਾ ਕਿ ਸਬੂਤਾਂ ਤੋਂ ਇਹ ਵੀ ਝਲਕਦਾ ਹੈ ਕਿ ਮਾਈਕਲ ਹਰਸ਼ਮੈਨ ਦੇ ਦਿੱਲੀ ਦੇ ਓਬਰਾਏ ਹੋਟਲ ਵਿਚ ਪ੍ਰਵਾਸ ਦਾ ਖਰਚਾ ਵੀ ਬੰਬੇ ਡਾਈਂਗ ਗਰੁੱਪ ਨੇ ਅਦਾ ਕੀਤਾ ਅਤੇ ਸ੍ਰੀ ਵਾਡੀਆ ਨੇ ਹੀ ਹਰਸ਼ਮੈਨ ਦਾ ਸ੍ਰੀ ਭੂਰੇ ਨਾਲ ਨਾਲ ਤੁਅਰੁਫ ਕਰਵਾਇਆ।

## ਹੁਣ 500 ਰੁਪਏ ਦੇ ਨੋਟ

ਬੰਬਈ — ਭਾਰਤੀ ਰਿਜ਼ਰਵ ਬੈਂਕ ਆਪਣੀਆਂ ਮੁੱਖ ਬਰਾਂਚਾਂ ਤੋਂ ਤਿੰਨ ਅਕਤੂਬਰ ਤੋਂ 500 ਰੁਪਏ ਦੇ ਨੋਟ ਜਾਰੀ ਕੀਤੇ ਹਨ। 16.7x7.3 ਸੈਂਟੀਮੀਟਰ ਦੇ ਸਾਈਜ਼ ਦੇ ਇਸ ਨੋਟ ਉਤੇ ਮਹਾਤਮਾ ਗਾਂਧੀ ਦਾ ਚਿੱਤਰ ਹੈ

# ਸੀ. ਪੀ. ਆਈ. ਦੇ ਮਾਰਚ ਨੂੰ ਭਰਵਾਂ ਹੁੰਗਾਰਾ

ਦਿੱਲੀ — ਕੇਂਦਰ ਸਰਕਾਰ ਦਾ ਪੰਜਾਬ ਸਮੱਸਿਆ ਵੱਲ ਧਿਆਨ ਖਿਚਣ ਲਈ 29 ਸਤੰਬਰ ਨੂੰ ਦਿੱਲੀ ਵਿਚ ਹੋਏ ਏਕਤਾ ਮਾਰਚ ਤੇ ਰੈਲੀ ਵਿਚ ਇਕ ਲੱਖ ਲੋਕਾਂ ਭਾਗ ਲਿਆ। ਰੈਲੀ ਦਾ ਆਯੋਜਨ ਸੀ. ਪੀ. ਆਈ. ਵਲੋਂ ਕੀਤਾ ਜਾ ਰਿਹਾ ਸੀ। ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਸ੍ਰੀ ਅਵਤਾਰ ਸਿੰਘ ਮਲਹੋਤਰਾ ਨੇ ਇਥੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੈਲੀ ਵਿਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼ ਤੇ ਦਿੱਲੀ ਦੇ ਲੋਕਾਂ ਨੇ ਹਿਸਾ ਲਿਆ। ਸ੍ਰੀ ਮਲਹੋਤਰਾ ਾਰਟੀ ਦੇ ਜੱਥੇ ਦੀ ਅਗਵਾਈ ਕਰ ਰਹੇ ਸਨ।

ਸ੍ਰੀ ਮਲਹੋਤਰਾ ਨੇ ਦਾਅਵਾ ਕੀਤਾ ਕਿ ਏਕਤਾ ਮਾਰਚ ਨੂੰ ਪੰਜਾਬ ਦੇ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਜੱਥੇ ਵਿਚ ਹੋਰਨਾਂ ਤੋਂ ਇਲਾਵਾ ਸ੍ਰੀ ਸਤਿਆ ਪਾਲ ਡਾਂਗ, ਸ੍ਰੀ ਜਗਜੀਤ ਸਿੰਘ ਆਨੰਦ ਤੇ ਸ੍ਰੀ ਜਾਗੀਰ ਸਿੰਘ ਜੋਗਾ ਭਾਗ ਲੈ ਰਹੇ ਸਨ।

# ਕਾਲਾ ਕਾਨੂੰਨ ਵਾਪਸ ਲੈਣ ਦੀ ਮੰਗ

ਤਪਾ ਮੰਡੀ — ਆਲ ਇੰਡੀਆ ਅਨੁਸੂਚਿਤ ਤੇ ਪਛੜੀਆਂ ਸ਼੍ਰੇਣੀਆਂ ਵਿੰਗ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗੋਬਿੰਦ ਸਿੰਘ ਕਾਂਝਲਾ ਅਕਾਲੀ ਵਿਧਾਇਕ ਨੇ ਕੇਂਦਰੀ ਸਰਕਾਰ ਵਲੋਂ ਪਾਸ ਕੀਤੇ ਪੁਲੀਸ ਗਵਾਹੀ ਕਾਨੂੰਨ ਦੀ ਨਿੰਦਿਆ ਕੀਤੀ ਹੈ ਤੇ ਇਸ ਨੂੰ ਕਾਲਾ ਕਾਨੂੰਨ ਆਖਦਿਆਂ ਇਸ ਨੂੰ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੁਲੀਸ ਨੂੰ ਇਹ ਅਧਿਕਾਰ ਮਿਲਣ ਨਾਲ ਪੁਲੀਸ ਵਿਚ ਭ੍ਰਿਸ਼ਟਾਚਾਰ ਹੋਰ ਫੈਲੇਗਾ ਤੇ ਪੁਲੀਸ ਲੋਕਾਂ ਨੂੰ ਹੋਰ ਬਹੁਤ ਤੰਗ ਕਰਨ ਦੇ ਸਮਰੱਥ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਕਾਨੂੰਨ ਦੇ ਪਾਸ ਹੋਣ ਨਾਲ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ 'ਤੇ ਛਾਪਾ ਮਾਰਿਆ ਗਿਆ ਹੈ। ਉਨ੍ਹਾਂ ਰਾਸ਼ਟਰਪਤੀ ਤੋਂ ਵੀ ਮੰਗ ਕੀਤੀ ਕਿ ਉਹ ਇਸ ਬਿਲ ਨੂੰ ਪ੍ਰਵਾਨਗੀ ਨਾ ਦੇਣ।

# ਦਿੱਲੀ ਗੁ: ਕਮੇਟੀ ਦੇ ਅਹੁਦੇਦਾਰਾਂ ਦੀ ਚੋਣ 7 ਨੂੰ

ਨਵੀਂ ਦਿੱਲੀ — ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਅਹੁਦੇਦਾਰਾਂ ਅਤੇ ਅੰਤ੍ਰਿੰਗ ਬੋਰਡ ਦੇ ਮੈਂਬਰਾਂ ਦੀ ਚੋਣ 7 ਨਵੰਬਰ ਨੂੰ ਹੋਵੇਗੀ। ਇਸ ਗੱਲ ਦਾ ਫੈਸਲਾ ਗੁਰਦੁਆਰਾ ਕਮੇਟੀ ਦੇ ਅੰਤ੍ਰਿੰਗ ਬੋਰਡ ਦੀ ਇਥੇ ਹੋਈ ਹੰਗਾਮੀ ਮੀਟਿੰਗ ਵਿਚ ਕੀਤਾ ਗਿਆ। ਇਸ ਮੀਟਿੰਗ ਵਿਚ ਅੰਤ੍ਰਿੰਗ ਬੋਰਡ ਦੇ ਵਰਤਮਾਨ 12 ਮੈਂਬਰਾਂ ਵਿਚੋਂ 11 ਮੈਂਬਰ ਹਾਜ਼ਰ ਸਨ। ਇਕ ਮੈਂਬਰ ਜ: ਮੇਹਰ ਸਿੰਘ ਗੰਭੀਰ ਰੂਪ ਵਿਚ ਬੀਮਾਰ ਹੋਣ ਕਾਰਨ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕੇ। ਹਾਈਕੋਰਟ ਦੀ ਹਿਦਾਇਤ ਤੇ ਹੋਈ ਇਸ ਮੀਟਿੰਗ ਵਿਚ ਆਬਜ਼ਰਵਰ ਵਜੋਂ ਸ: ਕਸ਼ਮੀਰਾ ਸਿੰਘ ਸੰਧੂ ਸਾਬਕਾ ਜਸਟਿਸ ਰਾਜਸਥਾਨ ਹਾਈਕੋਰਟ ਅਤੇ ਦਿੱਲੀ ਗੁਰਦੁਆਰਾ ਚੋਣ ਦੇ ਡਾਇਰੈਕਟਰ ਸ: ਅਮਰਜੀਤ ਸਿੰਘ ਸਾਹਨੀ ਵੀ ਸ਼ਾਮਲ ਹੋਏ।

# ਹੈਲੀਫੈਕਸ ਵਿਚ ਕੈਨੇਡਾ ਦੀਆਂ ਘੱਟ-ਗਿਣਤੀਆਂ ਬਾਰੇ ਕਾਨਫਰੰਸ

ਹੈਲੀਫੈਕਸ — 14 ਤੋਂ 17 ਅਕਤੂਬਰ, 1987 ਨੂੰ ਇਥੇ ਕੈਨੇਡਾ ਦੀਆਂ ਘੱਟ ਗਿਣਤੀਆਂ ਬਾਰੇ ਇਕ ਕਾਨਫਰੰਸ ਹੋ ਰਹੀ ਹੈ। ਇਸ ਕਾਨਫਰੰਸ ਦਾ ਆਯੋਜਨ ਸੇਂਟ ਮੇਰੀ ਵਿਸ਼ਵ-ਵਿਦਿਆਲੇ ਵਲੋਂ ਕੀਤਾ ਜਾ ਰਿਹਾ ਹੈ। ਇਹ ਕਾਨਫਰੰਸ 14 ਅਕਤੂਬਰ ਨੂੰ ਸਵੇਰੇ ਅੱਠ ਵਜੇ ਨੋਵਾ ਸਕੋਸ਼ੀਆ ਹੋਟਲ, ਹੈਲੀਫੈਕਸ ਵਿਚ ਹੋਵੇਗੀ। ਇਸ ਵਿਚ ਘੱਟ ਗਿਣਤੀਆਂ ਦੀਆਂ ਬੋਲੀਆਂ ਦੀ ਪੜ੍ਹਾਈ, ਨਸਲਵਾਦ ਤੇ ਮਨੁੱਖੀ ਹੱਕ, ਸਾਹਿਤ ਅਤੇ ਘੱਟ ਗਿਣਤੀਆਂ, ਬੋਲੀ ਤੇ ਕਲਚਰ ਦੀ ਸੰਭਾਲ, ਘੱਟ ਗਿਣਤੀ ਕਮਿਊਨਿਟੀਆਂ ਬਾਰੇ ਖੋਜ ਆਦਿ ਵਿਸ਼ਿਆਂ ਉਤੇ ਬਹਿਸ ਹੋਵੇਗੀ।

ਘੱਟ ਗਿਣਤੀ ਕਮਿਊਨਿਟੀਆਂ ਦੇ ਬੁਲਾਰਿਆਂ ਲਈ ਅਨੁਵਾਦ ਦਾ ਪ੍ਰਬੰਧ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ :
**ਐਨ ਵੈਸਟ, ਸੇਂਟ ਮੇਰੀ ਯੂਨੀਵਰਸਿਟੀ**
(902) 420-5516


# ਖਾਲਸਾ ਕਰੈਡਿਟ ਯੂਨੀਅਨ

ਸਤਿਕਾਰ ਯੋਗ ਮੈਂਬਰ ਸਾਹਿਬਾਨ,

ਅਕਤੂਬਰ 5, 1987

ਆਪ ਨੂੰ ਇਹ ਪੜ੍ਹਕੇ ਖੁਸ਼ੀ ਹੋਵੇਗੀ ਕਿ ਤੁਹਾਡੀ ਸਭ ਦੀ ਮੱਦਦ ਦਾ ਸਦਕਾ, ਖਾ: ਕ: ਯੂ: ਸਾਡੇ ਸਾਰਿਆਂ ਦੀ ਆਸ ਤੋਂ ਵੱਧ ਤਰੱਕੀ ਕਰ ਰਹੀ ਹੈ। ਇੱਥੇ ਵੱਧ ਤੋਂ ਵੱਧ ਲੋੜੀਂਦੀਆਂ ਬੈਂਕਿੰਗ ਸੇਵਾਵਾਂ ਦਿੱਤੀਆਂ ਜਾਣ ਲੱਗ ਪਈਆਂ ਹਨ। ਇਸੇ ਮਹੀਨੇ ਵਿਚ ਭਾਰਤੀ ਰੁਪਈਆਂ ਦੇ ਡਰਾਫਟ ਬਣਾਉਣੇ ਵੀ ਸ਼ੁਰੂ ਹੋ ਜਾਣਗੇ। ਟਰੈਵਲ ਚੈਕਸ, ਕਰੈਡਿਟ ਕਾਰਡਜ਼ ਅਤੇ ਮਾਰਗੇਜ਼ ਡਿਸਅਬਿਲਟੀ ਇਨਸ਼ੁਰੈਂਸ ਸੇਵਾਵਾਂ ਦੇਣ ਦਾ ਉਪਰਾਲਾ ਛੇਤੀ ਤੋਂ ਛੇਤੀ ਕੀਤਾ ਜਾ ਰਿਹਾ ਹੈ। ਖਾ: ਕ: ਯੂ: ਵਿਚ ਉਪਰੋਕਤ ਸਾਰੀਆਂ ਸੇਵਾਵਾਂ ਦੂਜੇ ਬੈਂਕਾਂ ਨਾਲੋਂ ਬਹੁਤ ਘੱਟ ਸਰਵਿਸ ਚਾਰਜਿਜ਼ ਤੇ ਦਿੱਤੀਆਂ ਜਾਂਦੀਆਂ ਹਨ। ਜਨਵਰੀ ਤੋਂ ਜੂਨ 1987 ਤੱਕ ਦੀ ਤਰੱਕੀ ਦੇ ਅੰਕੜੇ ਦੇਖਣ ਤੋਂ ਪਤਾ ਲਗਦਾ ਹੈ ਕਿ ਖਾ: ਕ: ਯੂ: ਨੇ ਇਸਦੀ ਸਾਈਜ਼ ਦੀਆਂ ਕਰੈਡਿਟ ਯੂਨੀਅਨਜ਼ ਨਾਲੋਂ ਦਸ ਗੁਣਾਂ ਤਰੱਕੀ ਕੀਤੀ ਹੈ। ਹੇਠ ਲਿਖੇ ਅੰਕੜੇ ਦੇਖੋ :

| | ਦੂਜੀਆਂ ਕਰੈਡਿਟ ਯੂਨੀਅਨਜ਼ | ਖਾ: ਕ: ਯੂਨੀਅਨ (ਜਨਵਰੀ ਤੋਂ ਜੂਨ 1987 ਤੱਕ) |
|---|---|---|
| ਡਿਪਾਜ਼ਿਟਸ | 9.4 ਫੀ ਸਦੀ | 94.0 ਫੀ ਸਦੀ |
| ਲੋਨਜ਼ | 4.8 ਫੀ ਸਦੀ | 73.8 ਫੀ ਸਦੀ |
| ਆਮਦਨੀ | 9.4 ਫੀ ਸਦੀ | 125.2 ਫੀ ਸਦੀ |
| ਟੋਟਲ ਐਸੈਟਸ | 8.3 ਫੀ ਸਦੀ | 81.3 ਫੀ ਸਦੀ |

ਨੋਟ : ਜੁਲਾਈ ਤੋਂ ਸਤੰਬਰ ਦੇ ਮਹੀਨਿਆਂ ਵਿਚ 35 ਫੀ ਸਦੀ ਹੋਰ ਵੀ ਤਰੱਕੀ ਹੋਈ ਹੈ।

ਕਰੈਡਿਟ ਯੂਨੀਅਨ ਨੂੰ ਹੋਰ ਵੀ ਪ੍ਰਫੁਲਤ ਕਰਨਾ ਤੁਹਾਡੇ ਤੇ ਹੀ ਨਿਰਭਰ ਹੈ। ਵੱਧ ਤੋਂ ਵੱਧ ਡਿਪਾਜਿਟ ਤੇ ਆਰ. ਆਰ. ਐਸ. ਪੀ. ਖਾਲਸਾ ਕਰੈਡਿਟ ਯੂਨੀਅਨ ਨੂੰ ਦਿਓ। ਤੁਹਾਡਾ ਪੈਸਾ ਹਮੇਸ਼ਾ ਸੁਰੱਖਿਅਤ ਹੈ।

**BE PROUD OF YOUR OWN BANK**

ਤੁਹਾਡਾ ਸ਼ੁਭਚਿੰਤਕ
ਹਰਬੰਸ ਸਿੰਘ ਕੰਦੋਲਾ — ਮੈਨੇਜਰ



To protect your family, your mortgage, or to ensure your childrens' education, for an RRSP or an annuity, contact:

**AVTAR S. RANDHAWA**
B.A., B.T.


AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.



# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

**ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ**

ਮੁਰਗਾ ਮਸਾਲੇ ਵਾਲਾ
Spicy (Masala) Chicken
**$4.45 lb.**

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
**$6.95 lb.**

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
**$5.95 lb.**

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

DARNIL ENTERPRISES PRESENT

# A Terrific Combination of Memorable Dance & Music

## ਪਹਿਲੀ ਵਾਰ ਉੱਤਰੀ ਅਮਰੀਕਾ ਵਿਚ ਧਮਾਕੇਦਾਰ ਨੌਜਵਾਨ ਫ਼ਿਲਮੀ ਜੋੜੀ

# ਗੋਵਿੰਦਾ-ਨੀਲਮ ਸ਼ੋਅ



ਅਮਿਤ ਕੁਮਾਰ



ਅਨੀਤਾ ਰਾਜ



ਗੋਵਿੰਦਾ ਤੇ ਨੀਲਮ



ਲੀਨਾ ਦਾਸ

ਗੋਵਿੰਦਾ-ਨੀਲਮ ਸ਼ੋਅ ਵਿਚ ਅਨੀਤਾ ਰਾਜ, ਲੀਨਾ ਦਾਸ, ਕੁਲਭੂਸ਼ਨ ਖਰਬੰਦਾ, ਪ੍ਰੇਮਾ ਨਰਾਇਣ ਅਤੇ ਹਾਸਰਸ ਦਾ ਬਾਦਸ਼ਾਹ ਅਸਰਾਨੀ ਵੀ ਆ ਰਹੇ ਹਨ

... ਤੁਹਾਡਾ ਮਨਪਸੰਦ ਸਿੰਗਰ ਅਮਿਤ ਕੁਮਾਰ (ਕਿਸ਼ੋਰ ਕੁਮਾਰ ਦਾ ਪੁੱਤਰ), ਅਨਵਰ (ਮੁਹੰਮਦ ਰਫੀ ਦੀ ਆਵਾਜ਼), ਇਨਾਮ ਜੇਤੂ ਅਨੂਪਮ ਦੇਸ਼ ਪਾਂਡੇ ਤੇ ਕਲਿਆਣੀ ਮਿੱਤਰਾ



ਅਸਰਾਨੀ

## ਤੇ ਪੰਜਾਬੀ ਗੀਤਾਂ ਤੇ ਗ਼ਜ਼ਲਾਂ ਦਾ ਬਾਦਸ਼ਾਹ ਅਰਵਿੰਦਰ ਸਿੰਘ ਤੇ ਹੋਰ ਬਹੁਤ ਸਾਰੇ ਕਲਾਕਾਰ ......

# FRIDAY, OCT. 9/87

at PACIFIC COLLISEUM at 8.00 p.m. SHARP

## Tickets : $15, $25, $35

FOR MORE INFORMATION, CONTACT : DARNIL ENT. LTD.

NIRMAL WALIA (604) 526-4382

**Tickets Available From :**

- Mann Music (Van.) — 321-6667
- Ambika Foods (Van.) - 327-0295
- Empire Foods (Van.) - 433-8888
- Patel Groceries (Van.) - 255-6729
- Video Shop (Van.) - 321-1333
- Aman Video (Delta) - 588-4551
- Amar Foods (Abbotsford) - 853-6458
- Anand Video — 872-2626
- Paramount Video — 584-5668

**TORONTO — OCT. 12, 87**
Roy Thompson Hall

**Sanfransisco — OCT. 10, 87**

**New York — OCT. 11, 87**

# ਘੱਟ-ਗਿਣਤੀ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਮੀਟਿੰਗ

ਇਪਾਨਾ ਵਲੋਂ, ਵੈਨਕੂਵਰ ਵਿਚ ਅਕਤੂਬਰ 17 ਅਤੇ 18 ਨੂੰ ਇਕ ਕਾਨਫਰੰਸ ਸੱਦੀ ਜਾ ਰਹੀ ਹੈ ਜਿਸਦਾ ਮੁੱਖ ਵਿਸ਼ਾ ਹੈ "ਸਟੇਟ ਦਾ ਕੇਂਦਰੀਕਰਨ ਅਤੇ ਘੱਟ-ਗਿਣਤੀਆਂ ਨੂੰ ਖਤਰਾ।" ਉਹਨਾਂ ਹੀ ਦਿਨਾਂ ਵਿਚ ਵੈਨਕੂਵਰ ਵਿਖੇ ਕਾਮਨਵੈਲਥ ਕਾਨਫਰੰਸ ਵੀ ਹੋ ਰਹੀ ਹੋਵੇਗੀ ਅਤੇ ਭਾਰਤੀ ਮਸਲਿਆਂ ਨੂੰ ਲੈ ਕੇ ਇਪਾਨਾ ਕਾਨਫਰੰਸ ਇਕ ਸਮਾਨੰਤਰ ਕਾਨਫਰੰਸ ਦਾ ਦਰਜਾ ਰਖੇਗੀ। ਇਸ ਕਾਨਫਰੰਸ ਦੇ ਮੁੱਖ ਸਿਧਾਂਤ ਸਥਾਪਤ ਕਰਨ ਲਈ ਸਤੰਬਰ 27, 1987 ਨੂੰ ਇਕ ਮੀਟਿੰਗ ਬੁਲਾਈ ਗਈ ਜਿਸ 'ਚ ਵੈਨਕੂਵਰ ਏਰੀਏ ਵਿਚ ਵਸ ਰਹੀ ਭਾਰਤੀ ਪਰਵਾਸੀ ਕਮਿਊਨਿਟੀ ਦੀ ਹਰੇਕ ਘੱਟ-ਗਿਣਤੀ ਇਕਾਈ ਦੇ ਨੁਮਾਇੰਦੇ ਨੇ ਹਿਸਾ ਲਿਆ। ਇਸ ਮੀਟਿੰਗ 'ਚ ਸਿਖ ਕਮਿਊਨਿਟੀ ਵਲੋਂ ਵੈਨਕੂਵਰ ਇਲਾਕੇ ਦੇ ਹਰ ਗੁਰਦੁਆਰੇ ਦੇ ਨੁਮਾਇੰਦੇ, ਭਾਰਤੀ ਮੁਸਲਮਾਨ ਕਮਿਊਨਿਟੀ ਵਲੋਂ ਇਸ ਏਰੀਏ ਦੀਆਂ ਦੋ ਮਸਜਿਦਾਂ ਦੇ ਨੁਮਾਇੰਦੇ, ਇਸਾਈ ਕਮਿਊਨਿਟੀ ਵਲੋਂ ਚਰਚ ਦੇ ਨੁਮਾਇੰਦੇ ਅਤੇ ਇਪਾਨਾ ਦੇ ਮੈਂਬਰਾਂ ਤੋਂ ਇਲਾਵਾ, ਅੰਬੇਦਕਰ ਸੁਸਾਇਟੀ ਦੇ ਨੁਮਾਇੰਦੇ ਨੇ ਵੀ ਹਿਸਾ ਲਿਆ ਅਤੇ ਹੇਠ ਛਪੇ ਸਿਧਾਂਤਾਂ 'ਤੇ ਸਹਿਮਤੀ ਪ੍ਰਗਟ ਕੀਤੀ :

ਭਾਰਤ ਇਕ ਐਸਾ ਦੇਸ਼ ਹੈ ਜਿਸ ਵਿਚ ਬਹੁਤ ਵਖਤਾ ਅਤੇ ਭਿੰਨਤਾ ਰਹੀ ਹੈ। ਸਦੀਆਂ ਬੱਧੀ ਇਸ ਭੂਮੀ 'ਤੇ ਵੱਖ ਵੱਖ ਨਸਲਾਂ ਅਤੇ ਪਰਜਾਤੀਆਂ ਦੇ ਲੋਕਾਂ ਦਾ ਮਿਸ਼ਰਣ ਅਤੇ ਮੇਲ ਜੋਲ ਹੁੰਦਾ ਆਇਆ ਹੈ। ਭਿਨ ਧਰਮਾਂ, ਜ਼ੁਬਾਨਾਂ ਅਤੇ ਸਭਿਆਚਾਰਾਂ ਨਾਲ ਸੰਬੰਧ ਰੱਖਣ ਵਾਲੇ ਲੋਕ ਇਕ ਦੂਜੇ ਨਾਲ ਮਿਲ ਕੇ ਰਹਿੰਦੇ ਰਹੇ ਹਨ। ਕਦੇ ਕਦੇ ਦੋ ਇਕਾਈਆਂ ਦੇ ਲੋਕਾਂ ਵਿਚ ਜਾਂ ਇਲਾਕਿਆਂ ਵਿਚ ਆਪਸੀ ਸਬੰਧਾਂ ਨੂੰ ਲੈ ਕੇ ਅਵਸਰਿਕ ਤਨਾਓ ਪੈਦਾ ਹੋ ਜਾਂਦਾ ਸੀ ਪਰ ਸਮੁੱਚੇ ਤੌਰ ਤੇ ਬਾਵਜੂਦ ਇਕਾਈਆਂ ਦੀ ਵੱਖਤਾ ਅਤੇ ਭਿੰਨਤਾ ਦੇ, ਭਾਰਤੀ ਲੋਕ ਸ਼ਾਂਤੀਪੂਰਨ ਭਾਈਚਾਰੇ 'ਚ ਰਹਿੰਦੇ ਆਏ ਹਨ। ਭਾਰਤ ਦੀ ਸਭਿਆਚਾਰਕ ਪਰਸਪਰਾ ਇਕ ਐਸਾ ਸੁਲਖਣਾ, ਮੂਲਵਾਨ ਅਤੇ ਜਟਲ ਜਾਲ ਹੈ ਜੀਦੇ ਸੰਘਣੇ ਤਾਨੇ-ਬਾਨੇ ਨੂੰ ਆਪਸੀ ਪ੍ਰੇਮ-ਭਾਵ ਅਤੇ ਮਿਸ਼ਰਣ ਦੇ ਇਤਿਹਾਸ ਨੇ ਬੁਣਿਆ ਹੈ। ਹਿੰਦੂ, ਬੋਧੀ, ਮੁਸਲਮਾਨ, ਯਹੂਦੀ, ਜ਼ੋਰਾਸ਼ਟਰਨ, ਸਿੱਖ ਅਤੇ ਈਸਾਈ, ਸਾਰੇ ਏਸ ਸਮੂਹਕ ਪ੍ਰੰਪਰਾ ਦੇ ਸਾਂਝੀਦਾਰ ਹਨ। ਹਰੇਕ ਘੱਟ-ਗਿਣਤੀ ਦੇ ਲੋਕਾਂ ਨੇ ਭਾਰਤ ਦੇ ਇਤਿਹਾਸ 'ਚ ਆਪਣੀ ਸ਼ਾਨਦਾਰ ਭੂਮਿਕਾ ਨਿਭਾਈ ਹੈ ਅਤੇ ਇਹ ਸਭ ਘੱਟ-ਗਿਣਤੀਆਂ ਨੂੰ ਭਾਰਤ ਦੇ ਇਤਿਹਾਸ ਅਤੇ ਪਰੰਪਰਾ 'ਤੇ ਉਨ੍ਹਾਂ ਹੀ ਹੱਕ ਹੈ ਜਿੰਨੀ ਕਿਸੀ ਹੋਰ ਇਕਾਈ ਦੇ ਲੋਕਾਂ ਨੂੰ। ਇਸ ਕਰਕੇ ਹਰੇਕ ਘੱਟ-ਗਿਣਤੀ ਦਾ ਇਹ ਜਮਹੂਰੀ ਹੱਕ ਹੈ ਕਿ ਉਹ ਆਪਣੀ ਪਛਾਣ, ਵੱਖਤਾ, ਸ਼ਨਾਖਤ ਅਤੇ ਸਭਿਆਚਾਰ ਇਸ ਸਮੂਹਕ ਭਾਰਤੀ ਵਾਸਤਵਿਕਤਾ ਵਿਚ ਬਣਾਈ ਰੱਖੇ। ਜੇਕਰ ਘੱਟ-ਗਿਣਤੀਆਂ ਦਾ ਇਹ ਹੱਕ ਦਬੋਚ ਲਿਆ ਗਿਆ ਤਾਂ ਨਾ ਹੀ ਸਿਰਫ ਘੱਟ-ਗਿਣਤੀਆਂ ਦੀ ਹੋਂਦ ਨੂੰ ਖਤਰਾ ਹੈ ਪਰ ਜਮਹੂਰੀਅਤ ਦੇ ਸਿਧਾਂਤ ਨੂੰ ਅਤੇ ਭਾਰਤ ਦੀ ਉਸ ਇਤਿਹਾਸਕ ਤਾਰੀਫ ਅਤੇ ਪਛਾਣ ਨੂੰ ਵੀ ਡੂੰਘਾ ਖਤਰਾ ਹੈ ਜਿਸ ਤੇ ਸਾਨੂੰ ਏਨਾ ਮਾਣ ਰਿਹਾ ਹੈ।

ਪਿਛਲੇ ਕੁਝ ਸਾਲਾਂ ਤੋਂ ਧਾਰਮਿਕ ਘੱਟ-ਗਿਣਤੀਆਂ ਅਤੇ ਸ਼ੋਸ਼ਿਤ ਦਲਿਤ ਅਤੇ ਆਦਿਵਾਸੀ ਲੋਕਾਂ ਦੇ ਮਨੁੱਖੀ 'ਤੇ ਜਮਹੂਰੀ ਹੱਕਾਂ ਉਤੇ ਹਮਲੇ ਵੱਧ ਰਹੇ ਹਨ।

ਇਹ ਹਮਲੇ ਕਈ ਰੂਪ 'ਚ ਵਿਚਰ ਰਹੇ ਹਨ। ਭਾਰੀ ਘੱਲੂ ਘਾਰਿਆਂ ਤੋਂ ਲੈ ਕੇ ਵੱਖ ਵੱਖ ਕਿਸਮ ਦੇ ਦਮਨਕਾਰੀ ਹਮਲੇ, ਘੱਟ-ਗਿਣਤੀ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਤੇ, ਸਭਿਆਚਾਰ ਅਤੇ ਪਰੰਪਰਾ ਤੇ, ਜੀਵਨ, ਜਾਇਦਾਦ ਅਤੇ ਮਾਨ-ਮਰਿਆਦਾ ਤੇ ਵਧਾਏ ਜਾ ਰਹੇ ਹਨ। ਇਹ ਨਿਤ ਵਾਪਰਦੀਆਂ ਘਟਨਾਵਾਂ ਕਾਰਨ ਅਜ ਘੱਟ-ਗਿਣਤੀ ਲੋਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ ਅਤੇ 'ਵਿਦੇਸ਼ੀ' ਕਰਾਰ ਕੀਤਾ ਜਾ ਰਿਹਾ ਹੈ। ਜੇ ਉਹ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਅਵਾਜ਼ ਉਠਾਉਂਦੇ ਹਨ ਤਾਂ ਉਹਨਾਂ ਨੂੰ 'ਦੇਸ਼ ਧਰੋਹੀ' ਕਹਿ ਕੇ ਨਿੰਦਿਆ ਜਾ ਰਿਹਾ ਹੈ।

ਘੱਟ-ਗਿਣਤੀਆਂ ਉਤੇ ਇਹ ਵੱਧ ਰਹੇ ਹਮਲੇ ਪਰਮੁਖ ਤੌਰ ਤੇ ਹਿੰਦੂ ਸ਼ਾਵਨਵਾਦੀ ਵਿਚਾਰਧਾਰਾ ਦੇ ਅਸਰ ਹੇਠ ਫੈਲ ਰਹੀਆਂ ਕੱਟੜ ਸੰਸਥਾਵਾਂ ਵਲੋਂ ਕੀਤੇ ਜਾ ਰਹੇ ਨੇ ਅਤੇ ਇਸ ਕਾਰਵਾਈ ਵਿਚ ਭਾਰਤੀ ਸਟੇਟ ਇਹਨਾਂ ਸ਼ਾਵਨਵਾਦੀ ਜਥੇਬੰਦੀਆਂ ਨੂੰ ਪੂਰੀ ਸ਼ਹਿ ਅਤੇ ਪਰੋਤਸਾਹਨ ਦੇਂਦੀ ਹੈ।

ਭਾਰਤੀ ਰਾਜ ਸੱਤਾ ਦਾ ਹਿੰਦੂ-ਸ਼ਾਵਨਵਾਦੀ ਵਿਚਾਰਧਾਰਾ ਦੇ ਹਿੱਤ ਨਾਲ ਏਕੀਕਰਣ ਵਧ ਰਿਹਾ ਹੈ।

ਇਹ ਬਦਲਦੇ ਹਾਲਾਤ ਭਾਰਤ ਵਿਚ ਤੇਜ਼ੀ ਨਾਲ ਹੋ ਰਹੇ ਧਰਮ-ਨਿਰਪੱਖਤਾ ਅਤੇ ਜਮਹੂਰੀਅਤ ਦੇ ਸਿਧਾਂਤਾਂ ਦੇ ਪਰਤੀਕ ਹਨ। ਇਹ ਪਰਤੀਕ ਹਨ ਉਸ ਫਾਸ਼ੀਵਾਦੀ ਸਮਾਜ ਦੇ ਜਿਸ ਵਿਚ ਧਰਮ ਅਤੇ ਰਾਸ਼ਟਰੀ ਸ਼ਾਵਨਵਾਦ ਨਾਲ ਰਾਜ ਸੱਤਾ ਆਪਣੀ ਪੂਰੀ ਤਾਕਤ ਲੈ ਕੇ ਖਲੋਂਦੀ ਹੈ।

ਇਹਨਾਂ ਗੈਰ-ਜਮਹੂਰੀ ਤਬਦੀਲੀਆਂ ਦੀ ਨਿਖੇਧੀ ਕਰਨ ਲਈ ਅਤੇ ਇਹਨਾਂ ਖਿਲਾਫ ਲੜਾਈ ਜਾਰੀ ਕਰਨ ਲਈ ਇਹ ਜ਼ਰੂਰੀ ਹੈ ਕਿ ਸਾਰੇ ਘੱਟ-ਗਿਣਤੀ, ਸ਼ੋਸ਼ਿਤ ਅਤੇ ਜਮਹੂਰੀਅਤ-ਪਸੰਦ ਲੋਕ ਇਕ ਹੋ ਕੇ ਇਹ ਮੰਗਾਂ ਲਈ ਆਪਣੀ ਆਵਾਜ਼ ਬੁਲੰਦ ਕਰਨ :

1. ਭਾਰਤੀ ਸਟੇਟ ਧਰਮ-ਨਿਰਪੱਖਤਾ ਦੇ ਉਸ ਸਿਧਾਂਤ ਨੂੰ ਸਥਾਪਤ ਕਰੇ ਜਿਸ ਬਾਰੇ ਭਾਰਤ ਦੇ ਸੰਵਿਧਾਨ ਵਿਚ ਚਰਚਾ ਕੀਤੀ ਗਈ ਹੈ। ਭਾਰਤ ਵਿਚ ਧਰਮ-ਨਿਰਪੱਖਤਾ ਤਦੇ ਕਾਇਮ ਹੋ ਸਕਦੀ ਹੈ ਜਦ ਸਟੇਟ ਹਰ ਧਾਰਮਿਕ ਇਕਾਈ ਦਾ ਸਨਮਾਨ ਕਰਦੇ ਹੋਏ ਕਿਸੇ ਵੀ ਇਕ ਧਰਮ ਦੀ ਨਾ ਤਾਂ ਪੱਖਤਾ ਜਾਂ ਏਕੀਕਰਨ ਕਰੇ ਤੇ ਨਾ ਹੀ ਕਿਸੇ ਧਰਮ ਦੇ ਅੰਦਰੂਨੀ ਮੁਆਮਲਾਤ ਵਿਚ ਦਖਲ-ਅੰਦਾਜ਼ੀ ਕਰੇ।
2. ਭਾਰਤੀ ਸਰਕਾਰ ਇਹ ਵਿਸ਼ਵਾਸ ਦਿਵਾਏ ਕਿ ਉਹ ਬਿਨਾਂ ਕਿਸੇ ਵਿਤਕਰੇ ਜਾਂ ਸ਼ੱਕ ਦੇ ਲੋਕਾਂ ਦੇ ਕਿਸੇ ਵੀ ਧਰਮ ਦੀ ਪਾਲਣਾ ਕਰਨ ਦੇ ਜਮਹੂਰੀ ਹੱਕ ਦੀ ਹਿਫਾਜ਼ਤ ਕਰੇਗੀ ਅਤੇ ਧਾਰਮਿਕ ਵਿਚਾਰਾਂ ਜਾਂ ਪਛਾਣਾਂ ਦੇ ਅਧਾਰ ਤੇ ਲੋਕਾਂ ਨੂੰ ਕਸ਼ਟ ਨਹੀਂ ਦੇਵੇਗੀ।
3. ਭਾਰਤੀ ਸਰਕਾਰ ਇਹ ਜ਼ਿਮੇਦਾਰੀ ਚੁੱਕੇ ਕਿ ਉਹ ਅਪਮਾਨ, ਜ਼ਬਰਦਸਤੀ, ਦਮਨ ਅਤੇ ਅਤਿਆਚਾਰ ਤੋਂ ਘੱਟ-ਗਿਣਤੀ ਲੋਕਾਂ ਤੇ ਉਹਨਾਂ ਦੀ ਸਭਿਆਚਾਰਕ ਪਰੰਪਰਾ ਦੀ ਹਿਫਾਜ਼ਤ ਕਰੇਗੀ।
4. ਭਾਰਤੀ ਸਰਕਾਰ ਉਹਨਾਂ ਵਿਅਕਤੀਆਂ ਨੂੰ ਸਜ਼ਾ ਦਿਵਾਏ ਜਿਹਨਾਂ ਨੂੰ ਘੱਟ-ਗਿਣਤੀਆਂ ਉਤੇ ਮਾਰ-ਕੁੱਟ ਔਰ ਦਹਿਸ਼ਤ ਫੈਲਾਣ ਦੇ ਜੁਰਮ ਵਿਚ ਦੋਸ਼ੀ ਸਾਬਤ ਕੀਤਾ ਗਿਆ ਹੈ। ਉਹਨਾਂ ਨੂੰ ਵੀ ਕਾਨੂੰਨ ਦੇ ਸਾਹਮਣੇ ਲਿਆਇਆ ਜਾਵੇ ਜਿਨ੍ਹਾਂ ਨੇ ਅੱਖਾਂ ਮੀਚ ਕੇ ਅਤੇ ਚੁਪ ਰਹਿ ਕੇ ਘੱਟ-ਗਿਣਤੀਆਂ ਨਾਲ ਹੋ ਰਹੇ ਅਤਿਆਚਾਰ ਦਾ ਸਮਰਥਨ ਕੀਤਾ।
5. ਭਾਰਤੀ ਲੋਕਾਂ ਨੂੰ ਇਹ ਵੀ ਵਿਸ਼ਵਾਸ ਦਿਵਾਇਆ ਜਾਏ ਕਿ ਰਾਜ ਸੱਤਾ ਵਲੋਂ ਦਲਿਤ ਅਤੇ ਆਦਿਵਾਸੀ ਲੋਕਾਂ ਉਤੇ ਕੀਤੇ ਗਏ ਸ਼ੋਸਣ, ਦਮਨ ਅਤੇ ਨਰਸੰਘਾਰ ਨੂੰ ਤੁਰੰਤ ਰੋਕਿਆ ਜਾਵੇਗਾ।

'ਪੁੱਛੀ ਜਿਨ੍ਹਾਂ ਨੇ 'ਸ਼ਰਫ਼' ਨਾ ਵਾਤ ਮੇਰੀ,
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।'

# ਕਮਿਊਨਿਟੀ ਦਾ ਨਾਂ ਚਮਕਾਉਣ ਵਾਲੇ ਗੁਰਤੇਜ ਜੱਸੜ



ਕੈਂਬਿਲ ਰਿਵਰ — ਪੰਜਾਬੀ ਕਮਿਊਨਿਟੀ ਦਾ ਨਾਂ ਚਮਕਾਉਣ ਵਾਲੇ ਗੁਰਤੇਜ ਜੱਸੜ ਵਰਗੇ ਨੌਜਵਾਨ ਹਨ ਜੋ ਕੈਨੇਡਾ ਵਿਚ ਡਿੱਗੀ ਕਮਿਊਨਿਟੀ ਦੀ ਸਾਖ ਨੂੰ ਉਚੀ ਚੁਕ ਰਹੇ ਹਨ। ਕਮਿਊਨਿਟੀ ਨੂੰ ਇਸ ਗੱਲ ਦਾ ਮਾਣ ਹੈ ਕਿ ਗੁਰਤੇਜ ਜੱਸੜ ਨੇ 1987 ਦੀ ਗਰੈਜੂਏਸ਼ਨ ਕਰਨ ਨਾਲ 5 ਵਜ਼ੀਫ਼ੇ ਤੇ ਬਰਸਰੀ ਐਵਾਰਡ ਜਿੱਤੇ ਹਨ ਜਦਕਿ ਪਿਛਲੇ ਤਿੰਨ ਸਾਲ ਤੋਂ ਉਹ ਲਗਾਤਾਰ ਅਕੈਡਮਿਕ ਐਵਾਰਡ ਜਿੱਤਦਾ ਰਿਹਾ ਹੈ।

ਗੁਰਤੇਜ ਜੱਸੜ ਡਾਕਟਰੀ ਦੀ ਵਿਦਿਆ ਪ੍ਰਾਪਤ ਕਰਨ ਜਾ ਰਿਹਾ ਹੈ ਉਸਨੂੰ ਯੂ. ਬੀ. ਸੀ. ਵਲੋਂ 1200 ਡਾਲਰ ਦਾ ਵਜ਼ੀਫ਼ਾ ਮਿਲਿਆ ਹੈ। ਉਸ ਦੇ ਸਕੂਲ ਰੌਬ ਰੌਲ ਸੈਕੰਡਰੀ ਦੇ ਇਕ ਬੁਲਾਰੇ ਨੇ ਕਿਹਾ ਕਿ ਗੁਰਤੇਜ ਹਿਸਾਬ, ਸਾਇੰਸ ਅਤੇ ਕੰਪਿਊਟਰਾਂ ਵਿਚ ਖਾਸ ਨਿਪੁੰਨਤਾ ਰੱਖਦਾ ਹੈ। 750 ਡਾਲਰ ਦਾ ਐਵਾਰਡ ਉਸ ਨੂੰ ਵੂਮੈਨ ਐਗਜ਼ੈਲਰੀ ਵਲੋਂ ਤੇ ਡਿਸਟ੍ਰਿਕਟ ਜਨਰਲ ਹਸਪਤਾਲ ਵਲੋਂ ਮਿਲਿਆ ਹੈ। ਉਸ ਨੇ ਸਟਾਫ਼ ਸਕਾਲਰਸ਼ਿਪ ਵੀ ਜਿਤਿਆ ਹੈ, ਸਰਵਿਸ ਐਵਾਰਡ, ਅਕੈਡਮਿਕ ਐਵਾਰਡ, ਸੀ. ਆਰ. ਵਲੰਟੀਅਰ ਫਾਇਰ ਡੀਪਾਰਟਮੈਂਟ ਵਲੋਂ 500 ਡਾਲਰ ਦਾ ਐਵਾਰਡ, ਆਦਿ ਵੀ ਜਿੱਤੇ ਹਨ।

ਗੁਰਤੇਜ ਜੱਸੜ, ਪਿੰਡ ਜੱਸੜਵਾਲਾ ਜ਼ਿਲਾ ਬਠਿੰਡਾ ਦੇ ਨਿਵਾਸੀ ਸੁਖਵਿੰਦਰ ਸਿੰਘ ਜੱਸੜ ਤੇ ਹਰਵਿੰਦਰ ਕੌਰ ਜੱਸੜ ਦਾ ਹੋਣਹਾਰ ਸਪੁੱਤਰ ਹੈ ਤੇ ਇਸ ਸਮੇਂ ਇਹ ਕੈਂਬਿਲ ਰਿਵਰ ਵਿਚ ਰਹਿੰਦੇ ਹਨ।

"ਕੈਨੇਡਾ ਦਰਪਣ' ਵਲੋਂ ਗੁਰਤੇਜ ਤੇ ਉਸਦੇ ਪ੍ਰਵਾਰ ਨੂੰ ਮੁਬਾਰਕਾਂ!

ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੁਵੀਆਂ ਲਈ
ਮੋਨੀਕਾ ਵੀਡੀਓ
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
ਫ਼ੋਨ ਕਰੋ : ਪਾਲ ਮੋਦਗਿੱਲ
627-1637

ਏ. ਡੀ. ਬਾਰੀਆ ਐਲ. ਐਲ. ਬੀ.
ਵਕੀਲ
ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ
- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ
Arsad Dara Baria LL.B.
Lawyer
Ste. 209-6330 Fraser St., Vancouver, B.C.
Ph. 321-8300

MERIDIAN INSURANCE
Life & Accident sickness
LOCATION 1
3268 COAST MERIDIAN RD., PORT COQUITLAM, B.C. V3B 3N4
LOCATION 2
Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)
ਸੰਤਬੀਰ ਸਿੰਘ ਮਿਨਹਾਸ
Autoplan
FOR ALLSTATE LOW RATES PLUS AUTOPLAN FINANCE — AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ
Ph. 272-0700
Santbir Minhas Res. 271-1248
ICBC, house, tenant, commercial

# ਰਿਹਾਈ ਪਿਛੋਂ ਸ: ਮਨਜੀਤ ਸਿੰਘ ਕਲਕੱਤਾ ਤੇ ਪੁਲਸ ਵਲੋਂ ਅਣਮਨੁੱਖੀ ਤਸ਼ੱਦਦ ਦੀ ਕਹਾਣੀ

ਅੰਮ੍ਰਿਤਸਰ — ਅਤਿਵਾਦ ਦੇ ਨਾਂ ਥੱਲੇ ਪੁਲਸ ਵਲੋਂ ਕਥਿਤ ਤੌਰ ਤੇ ਸਿੱਖ ਨੌਜਵਾਨਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਨਜਾਇਜ਼ ਹਿਰਾਸਤ ਵਿਚ ਰਖਣ ਅਤੇ ਤਸ਼ੱਦਦ ਕੀਤੇ ਜਾਣ ਦੇ ਮਾਮਲਿਆਂ ਨੂੰ ਲੈ ਕੇ ਸਿੱਖ ਪਰਿਵਾਰਾਂ 'ਚ ਹਾਹਾਕਾਰ ਮਚੀ ਹੋਈ ਹੈ। ਪੁਲਸ ਅਤੇ ਸਰਕਾਰ ਇਹਨਾਂ ਦੋਸ਼ਾਂ ਨੂੰ ਝੂਠਾ ਪਰਚਾਰ ਦਸ ਕੇ ਆਏ ਦਿਨ ਖੰਡਨ ਕਰਦੀ ਰਹਿੰਦੀ ਹੈ। ਇਸ ਵਿਚ ਕਿੰਨੀ ਕੁ ਸਚਾਈ ਹੁੰਦੀ ਹੈ, ਇਸ ਬਾਰੇ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਜੇ ਪੁਲਸ ਇਕ ਸਿਆਸੀ ਪਾਰਟੀ ਦੇ ਆਗੂ ਜਿਸ ਮਗਰ ਜਨਤਾ ਵੀ ਹੁੰਦੀ ਨੂੰ ਵੀ ਗੈਰ ਕਾਨੂੰਨੀ ਢੰਗ ਨਾਲ ਨਜਾਇਜ਼ ਹਿਰਾਸਤ ਵਿਚ ਰਖ ਕੇ ਅਣਮਨੁੱਖੀ ਅਤਿਆਚਾਰ ਕਰ ਸਕਦੀ ਹੈ ਤੇ ਉਸ ਨੂੰ ਪੁਛਣ ਵਾਲਾ ਵੀ ਕੋਈ ਨਹੀਂ ਤਾਂ ਆਮ ਨਾਗਰਿਕ ਦੀ ਕੀ ਹਾਲਤ ਹੋ ਸਕਦੀ ਹੈ

ਇਸ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸੰਯੁਕਤ ਅਕਾਲੀ ਦਲ ਦੇ ਜਨਰਲ ਸਕੱਤਰ ਸ: ਮਨਜੀਤ ਸਿੰਘ ਕਲਕੱਤਾ ਨੂੰ 22 ਅਗਸਤ ਨੂੰ ਅਦਾਲਤ ਨੇ ਜ਼ਮਾਨਤ ਤੇ ਰਿਹਾ ਕਰ ਦਿਤਾ। ਮਨਜੀਤ ਸਿੰਘ ਨੂੰ ਫਰਵਰੀ ਵਿਦ ਪੁਲਸ ਨੇ ਭੜਕਾਉਣ ਭਾਸ਼ਨ ਦੇਣ ਦੇ ਕਥਿਤ ਦੋਸ਼ ਅਧੀਨ ਫੜਿਆ ਸੀ। 22 ਅਗਸਤ ਦੀ ਸ਼ਾਮ ਨੂੰ ਜਦੋਂ ਉਹ ਜੇਲ੍ਹ ਤੋਂ ਬਾਹਰ ਆ ਰਹੇ ਸਨ ਤਾਂ ਜੇਲ੍ਹ ਦੇ ਬੂਹੇ ਤੋਂ ਹੀ ਸਥਾਨਕ ਕੋਤਵਾਲੀ ਦੀ ਇਕ ਪੁਲਸ ਪਾਰਟੀ ਨੇ ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਅਕਾਲੀ ਆਗੂਆਂ ਦੀ ਮੌਜੂਦਗੀ ਵਿਚ ਹੀ ਬਿਨਾਂ ਵਾਰੰਟ ਵਿਖਾਏ ਫੇਰ ਫੜ ਲਿਆ। ਪੁਲਸ ਅਧਿਕਾਰੀਆਂ ਅਤੇ ਅਕਾਲੀ . ਦਾ ਕਹਿਣਾ ਸੀ ਕਿ ਇਕ ਉਚ ਪੁਲਸ ਅਧਿਕਾਰੀ ਨਾਲ ਗੱਲਬਾਤ ਤੋਂ ਪਿਛੋਂ ਉਨ੍ਹਾਂ ਨੂੰ ਛੱਡ ਦਿੱਤਾ ਜਾਏਗਾ। ਮਨਜੀਤ ਸਿੰਘ ਵਿਰੁੱਧ ਹੋਰ ਕੋਈ ਕੇਸ ਨਹੀਂ ਸੀ। ਉਹਨਾਂ ਨੂੰ ਥਾਣਾ ਕੋਤਵਾਲੀ ਲਿਆਂਦਾ ਗਿਆ ਜਿਥੇ ਉਹਨਾਂ ਦੇ ਪਿਛੇ ਹੀ ਸ਼ਰੋਮਣੀ ਕਮੇਟੀ ਦੇ ਅਧਿਕਾਰੀ, ਅਕਾਲੀ ਆਗੂ ਤੇ ਪਰਿਵਾਰ ਦੇ ਮੈਂਬਰ ਕੋਤਵਾਲੀ ਆ ਗਏ। ਰਾਤ ਨੌਂ ਵਜੇ ਤੱਕ ਸਾਰਿਆਂ ਨੂੰ ਮਿਲਣ ਦਿੱਤਾ ਗਿਆ। ਰਾਤ ਉਹਨਾਂ ਇਕ ਥਾਣੇਦਾਰ ਦੇ ਕਮਰੇ 'ਚ ਗੁਜ਼ਾਰੀ। ਦੂਜੇ ਦਿਨ ਸਵੇਰੇ 9 ਵਜੇ ਉਹਨਾਂ ਦੇ ਇਕ ਰਿਸ਼ਤੇਦਾਰ ਨੇ ਨਾਸ਼ਤਾ ਲਿਆਂਦਾ। ਇਸ ਪਿਛੋਂ ਇਕ ਪੁਲਸ ਅਧਿਕਾਰੀ ਨੇ ਉਹਨਾਂ ਨੂੰ ਇਕ ਉਚ ਪੁਲਸ ਅਧਿਕਾਰੀ ਨਾਲ ਗੱਲਬਾਤ ਵਾਸਤੇ ਜਾਣ ਲਈ ਜੀਪ 'ਚ ਬੈਠਣ ਲਈ ਆਖਿਆ। ਜਿਸ ਅਧਿਕਾਰੀ ਨਾਲ ਗੱਲ ਕਰਨੀ ਹੈ, ਇਸ ਬਾਰੇ ਨਹੀਂ ਦੱਸਿਆ ਗਿਆ। ਕੋਤਵਾਲੀ ਤੋਂ ਚਲੀ ਜੀਪ ਮਾਲ ਮੰਡੀ ਸੀ. ਆਰ. ਪੀ. ਦੀ ਇਕ ਬਟਾਲੀਅਨ ਦੇ ਹੈਡਕੁਆਟਰ ਜਾ ਰੁਕੀ। ਪੁਲਸ ਵਾਲਿਆਂ ਨੇ ਕੁਝ ਗੱਲਬਾਤ ਸੀ ਆਰ ਪੀ ਅਧਿਕਾਰੀਆਂ ਨਾਲ ਕੀਤੀ। ਫੇਰ ਉਹਨਾਂ ਨੂੰ ਅਜਨਾਲਾ ਰੋਡ ਵਿਖੇ ਸੀ ਆਰ ਪੀ ਦੀ ਦੂਜੀ ਹੋਰ ਬਟਾਲੀਅਨ ਦੇ ਹੈਡ ਕੁਆਟਰ ਲੈ ਜਾਇਆ ਗਿਆ, ਜੀਪ ਤੋਂ ਉਤਾਰਿਆ ਤੇ ਇਕ ਸਕੂਟਰ ਗੈਰ ਅੰਦਰ ਬੰਦ ਕਰ ਦਿੱਤਾ। ਗੈਰਜ ਵਿਚ ਅੱਤ ਦੀ ਗੰਦਗੀ ਸੀ। ਨਾ ਬੱਤੀ ਨਾ ਪਾਣੀ ਤੇ ਨਾ ਹੀ ਬੈਠਣ ਨੂੰ ਥਾਂ। ਚਾਰ ਫੁਟ ਚੌੜੇ ਅਤੇ ਸੱਤ ਫੁੱਟ ਲੰਮੇ ਉਸ ਸਕੂਟਰ ਗੈਰਜ ਦਾ ਬੂਹਾ ਬੰਦ ਕਰ ਦਿੱਤਾ ਗਿਆ। ਬੂਹੇ ਵਿਚ ਸਿਰਫ ਇਕ ਮੋਰੀ ਸੀ। ਮਨਜੀਤ ਸਿੰਘ ਨੂੰ ਪਤਾ ਨਹੀਂ ਸੀ ਲਗ ਰਿਹਾ ਕਿ ਆਖਰ ਉਸ ਦਾ ਦੋਸ਼ ਕੀ ਹੈ। ਪੁਲਸ ਵਲੋਂ ਕਿਸੇ ਅਫਸਰ ਨੂੰ ਮਿਲਾਉਣ ਦਾ ਇਹ ਇਕ ਨਿਰਾਲਾ ਅਤੇ ਅਣਮਨੁੱਖੀ ਅਪਮਾਨਜਨਕ ਢੰਗ ਵੀ ਉਨ੍ਹਾਂ ਨੇ ਪਹਿਲੀ ਵਾਰੀ ਤਜਰਬੇ ਰਾਹੀਂ ਵੇਖਿਆ। ਅਤ ਦੀ ਗਰਮੀ ਵਿਚ ਸਾਰਾ ਦਿਨ ਭੁਖੇ ਤ੍ਰਿਹਾਏ ਉਨ੍ਹਾਂ ਬਿਤਾਇਆ। ਸੀ ਆਰ ਪੀ ਦੇ ਜਵਾਨ ਬਾਹਰ ਝਾਕਣ ਦੀ ਇਜਾਜ਼ਤ ਵੀ ਨਹੀਂ ਸਨ ਦਿੰਦੇ। ਗਰਮੀ ਅਤੇ ਹਵਾ ਨਾ ਮਿਲਣ ਕਰਕੇ ਦਮ ਘੁਟਣ ਲੱਗਿਆ। ਇਸ ਤਰ੍ਹਾਂ ਦੋ ਦਿਨ ਤੇ ਦੋ ਰਾਤਾਂ ਬਿਤਾਈਆਂ। ਗੈਰਜ ਵਿਚ ਕੰਨ ਖਜੂਰੇ ਫਿਰਦੇ ਸਨ। ਜੇ ਕੋਈ ਦਿਲ ਦਾ ਜਾਂ ਹਾਈ ਬਲੱਡ ਪਰੈਸ਼ਰ ਦਾ ਮਰੀਜ਼ ਹੁੰਦਾ ਤਾਂ ਦਮ ਤੋੜ ਜਾਂਦਾ। ਇਸ ਦੌਰਾਨ ਨਾ ਉਹ ਨਾਤ੍ਹੇ ਨਾ ਹੀ ਕੱਪੜੇ ਬਦਲ ਸਕੇ। ਕੱਪੜੇ ਕੋਤਵਾਲੀ ਪਏ ਸਨ। ਜਦੋਂ ਪਿਸ਼ਾਬ ਲਈ ਜਾਣਾ ਹੁੰਦਾ ਤਾਂ ਸੀ ਆਰ ਪੀ ਜਵਾਨ ਮੂੰਹ ਤੇ ਕੰਬਲ ਪਾ ਕੇ ਲੈ ਜਾਂਦੇ ਤੇ ਛੱਡ ਜਾਂਦੇ ਸਨ। ਤਿੰਨ ਦਿਨ ਬੀਤ ਗਏ ਨਾ ਕੋਈ ਕਸੂਰ ਦੱਸਿਆ ਗਿਆ ਨਾ ਕਿਸੇ ਅਫਸਰ ਨੂੰ ਮਿਲਾਇਆ ਗਿਆ। ਚੌਥੇ ਦਿਨ ਉਨ੍ਹਾਂ ਨੂੰ ਗੈਰਜ ਚੋਂ ਬਾਹਰ ਕੱਢਿਆ ਗਿਆ ਤੇ ਦੂਜਾ ਕਮਰਾ ਦਿੱਤਾ। ਜਿਥੇ ਉਨ੍ਹਾਂ ਦੇ ਕੱਪੜੇ ਵੀ ਪਏ ਸਨ ਜੋ ਕੋਤਵਾਲੀ ਤੋਂ ਲਿਆਂਦੇ ਗਏ ਸਨ। ਤੇ ਫੇਰ ਦੂਜੇ ਦਿਨ ਥਾਣਾ ਸਿਵਲ ਲਾਈਨ ਲਿਆਂਦਾ ਗਿਆ ਜਿਥੇ ਉਨ੍ਹਾਂ ਵਿਰੁਧ ਦੋ ਦਿਨ ਪਹਿਲਾਂ ਗੁਰਦੁਆਰਾ ਮਜੀਠਾ ਰੋਡ ਵਿਖੇ ਖਾਲਿਸਤਾਨ ਬਨਾਉਣ ਸੰਬੰਧੀ ਭੜਕਾਊ ਭਾਸ਼ਣ ਦੇਣ ਅਤੇ ਹਿੰਦੂਆਂ ਨੂੰ ਮਾਰਨ ਸੰਬੰਧੀ ਸਿੱਖ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਦਾ ਦੋਸ਼ ਲਾ ਕੇ ਗ੍ਰਿਫਤਾਰੀ ਪਾ ਦਿੱਤੀ ਅਦਾਲਤ ਵਿਚ ਪੇਸ਼ੀ ਹੋਈ ਮਨਜੀਤ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਇਹ ਕੇਸ ਝੂਠਾ ਪਾਇਆ ਗਿਆ ਹੈ। ਮੈਨੂੰ ਤਾਂ ਪੁਲਿਸ ਨੇ ਛੱਡਿਆ ਹੀ ਨਹੀਂ। ਪੇਸ਼ੀ ਪਿਛੋਂ ਫਿਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਇਸ ਦੌਰਾਨ ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਵਲੋਂ 23 ਤਾਰੀਖ ਨੂੰ ਹੀ ਗਵਰਨਰ, ਪੁਲਸ ਮੁਖੀ ਅਤੇ ਹਾਈਕੋਰਟ ਨੂੰ ਤਾਰਾਂ ਪਾ ਕੇ ਮਨਜੀਤ ਸਿੰਘ ਨੂੰ ਪੁਲਸ ਹਿਰਾਸਤ ਚੋਂ ਲਾਪਤਾ ਕੀਤੇ ਜਾਣ ਦਾ ਦੋਸ਼ ਲਾਇਆ ਜਾ ਚੁਕਾ ਸੀ। ਹਾਈ ਕੋਰਟ ਵਿਚ ਰਿਟ ਵੀ ਕੀਤੀ ਜਾ ਚੁਕੀ ਸੀ। ਖਾਸ ਗੱਲ ਇਹ ਸੀ ਕਿ ਕੋਈ ਪੁਲਸ ਅਧਿਕਾਰੀ ਇਹ ਮੰਨਣ ਨੂੰ ਤਿਆਰ ਹੀ ਨਹੀਂ ਸੀ ਕਿ ਮਨਜੀਤ ਸਿੰਘ ਪੁਲਸ ਕੋਲ ਹੈ। ਇਸ ਬਾਰੇ ਅਖਬਾਰਾਂ 'ਚ ਵੀ ਪੁਲਸ ਨੇ ਝੂਠੇ ਬਿਆਨ ਦਿਤੇ। ਪਰਿਵਾਰ ਨੇ ਗਵਰਨਰ ਨਾਲ ਵੀ ਸੰਪਰਕ ਕੀਤਾ ਤਾਂ ਫੇਰ 26 ਨੂੰ ਪੁਲਸ ਨੇ ਅਦਾਲਤ ਵਿਚ ਇਹ ਕਹਿਕੇ ਆਪ ਹੀ ਕੇਸ ਵਾਪਸ ਲੈ ਲਿਆ ਕਿ ਸੀ ਆਈ ਡੀ ਦੀ ਰਿਪੋਰਟ ਗਲਤ ਸੀ ਕਿ ਮਨਜੀਤ ਸਿੰਘ ਨੇ ਗੁਰਦੁਆਰੇ ਕੋਈ ਭਾਸ਼ਣ ਦਿਤਾ ਕਿਉਂਕਿ ਇਸ ਤਾਰੀਖ ਨੂੰ ਕੋਈ ਸਮਾਗਮ ਹੀ ਨਹੀਂ ਹੋਇਆ। ਮਨਜੀਤ ਸਿੰਘ ਰਿਹਾਅ ਹੋ ਗਏ। ਇਹ ਸਾਰੀ ਹੱਡ ਬੀਤੀ ਉਨ੍ਹਾਂ 'ਅਜੀਤ' ਨੂੰ ਕਲਕੱਤੇ ਤੋਂ ਪਰਤਣ ਬਾਅਦ ਦਿਤੀ।

# 'ਟੌਹੜਾ' ਸ਼ਬਦ ਦੀ ਆਮ ਵਰਤੋਂ ਤੇ ਇਤਰਾਜ਼

ਬੱਸੀ ਪਠਾਣਾਂ — ਅਕਾਲੀ ਜਥਾ ਸਰਕਲ ਮੂਲੇਪੁਰ ਦੇ ਪ੍ਰਧਾਨ ਸਵਰਨ ਸਿੰਘ ਚਨਾਰਥਲ ਖੁਰਦ, ਸਰਕਲ ਸਰਹਿੰਦ ਦੇ ਪ੍ਰਧਾਨ ਗਿਆਨੀ ਗੁਰਦਿਆਲ ਸਿੰਘ ਸਾਨੀਪੁਰ, ਸਰਕਲ ਭਾਦਸੋਂ ਦੇ ਰਜਿੰਦਰ ਸਿੰਘ ਟੌਹੜਾ, ਸਰਕਲ ਅਮਲੋਹ ਦੇ ਪ੍ਰਧਾਨ ਮੰਗਲ ਸਿੰਘ ਸਰਕਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਗੁਰਦੇਵ ਸਿੰਘ ਲਾਡਪੁਰੀ ਵਲੋਂ ਇਕ ਸਾਂਝੇ ਬਿਆਨ ਰਾਹੀਂ ਕੁਝ ਨੇਤਾਵਾਂ ਵਲੋਂ ਆਪਣੇ ਨਾਵਾਂ ਨਾਲ 'ਟੌਹੜਾ' ਸ਼ਬਦ ਦੀ ਵਰਤੋਂ ਕਰਨ ਤੇ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਉਕਤ ਨੇਤਾਵਾਂ ਨੇ ਦੋ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੂੰ ਕਿਹਾ ਕਿ ਹੈ ਕਿ ਉਹ ਸ਼ੋਹਰਤ ਲਈ ਆਪਣੇ ਨਾਵਾਂ ਨਾਲ 'ਟੌਹੜਾ' ਸ਼ਬਦ ਦੀ ਵਰਤੋਂ ਕਰਨ ਤੋਂ ਸੰਕੋਚ ਕਰਨ ਅਤੇ ਇਸ ਦੀ ਥਾਂ ਆਪਣੇ ਪਿੰਡ ਦਾ ਨਾਉਂ ਵਰਤਿਆ ਕਰਨ।


■ BUYING ■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S.
Medallion Club For 83-84 85-86

San Diago $299^{00}$
London from $625^{00}$
Montreal from $329^{00}$
Los Angles from $259^{00}$
Toronto from $318^{00}$
San Jose from $199^{00}$
San Fransisco from $209^{00}$



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE 1-800-663-6699 (B.C. & ALBERTA)
Prices are subject to change without notice

BAINS TRAVEL SERVICE

6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 386-6363

ਪੰਜਾਬੀ ਮਾਰਕਿਟ ਵਿਚ
ਮਾਨ ਸ਼ੂਅ ਸਟੋਰ
ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ
321-4353
MANN SHOE STORE
6570 MAIN ST., VANCOUVER, B.C.

# ਧਰਮ ਨਾਲੋਂ ਸਿਆਸਤ ਨੂੰ ਵੱਖ ਕੀਤਾ ਜਾਏ — ਜਾਖੜ

ਸ੍ਰੀਨਗਰ — ਲੋਕ ਸਭਾ ਦੇ ਸਪੀਕਰ ਸ੍ਰੀ ਬਲਰਾਮ ਜਾਖੜ ਨੇ ਜ਼ੋਰਦਾਰ ਅਪੀਲ ਕੀਤੀ ਕਿ ਸਿਆਸਤ ਨੂੰ ਧਰਮ ਨਾਲੋਂ ਵੱਖ ਕੀਤਾ ਜਾਏ। ਉਹਨਾਂ ਸੁਝਾਅ ਦਿਤਾ ਕਿ ਇਸ ਮੰਤਵ ਲਈ ਸੰਵਿਧਾਨ ਵਿਚ ਲੋੜੀਂਦੀ ਸੋਧ ਕੀਤੀ ਜਾਏ। ਰਾਜ ਦੀਆਂ ਅਸੰਬਲੀਆਂ ਦੇ ਪ੍ਰੀਜ਼ਾਈਡਿੰਗ ਅਫਸਰਾਂ ਦੀ ਕਾਨਫਰੰਸ ਦਾ ਉਦਘਾਟਨ ਕਰਦਿਆਂ ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਉਹ ਬੜੇ ਸੁਚੱਜੇ ਢੰਗ ਨਾਲ ਇਸ ਸੰਬੰਧੀ ਸੰਵਿਧਾਨ ਵਿਚ ਸੋਧ ਕਰਨ। ਉਹਨਾਂ ਕਿਹਾ ਕਿ ਸਾਨੂੰ ਦੇਸ਼ ਦੀ ਹੋਈ ਵੰਡ ਤੋਂ ਸਬਕ ਸਿਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅਜੇ ਵੀ ਦੇਰ ਨਹੀਂ ਹੋਈ ਅੱਜ ਵੀ ਧਰਮ ਨੂੰ ਸਿਆਸਤ ਨਾਲੋਂ ਵੱਖ ਕਰਨ ਲਈ ਸੋਧ ਹੋ ਸਕਦੀ ਹੈ। ਉਹਨਾਂ ਇਸ ਗੱਲ ਦਾ ਯਕੀਨ ਦਿਵਾਇਆ ਕਿ ਧਰਮ ਤੇ ਸਿਆਸਤ ਇਕੱਠੇ ਨਹੀਂ ਕੀਤੇ ਜਾਣਗੇ। ਸ੍ਰੀ ਜਾਖੜ ਨੇ ਕਿਹਾ ਕਿ ਜੇ ਧਰਮ ਦਾ ਦੇਸ਼ ਦਾ ਸਿਆਸਤ ਵਿਚ ਦਖਲ ਜਾਰੀ ਰਹੇਗਾ ਤਾਂ ਉਸ ਲੋਕਰਾਜ ਨੂੰ ਭਾਰੀ ਧੱਕਾ ਲੱਗੇਗਾ ਜਿਸ ਦੀ ਕਾਇਮੀ ਲਈ ਅਨੇਕ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ ਤੇ ਹਜ਼ਾਰਾਂ ਲੋਕਾਂ ਨੂੰ ਵੱਖ ਵੱਖ ਢੰਗਾਂ ਨਾਲ ਨੁਕਸਾਨ ਉਠਾਉਣਾ ਪਿਆ। ਸ੍ਰੀ ਜਾਖੜ ਨੇ ਕਿਹਾ ਕਿ ਜਿਹੜੇ ਸੰਵਿਧਾਨ ਦੇ ਰਖਵਾਲੇ ਹਨ ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਹੋਣੀ ਚਾਹੀਦੀ ਹੈ। ਸਪੀਕਰ ਨੇ ਆਪਣੇ ਉਸ ਰੂਲਿੰਗ ਨੂੰ ਫਿਰ ਜਾਇਜ਼ ਦੱਸਿਆ ਜਿਸ ਰਾਹੀਂ ਉਹਨਾਂ ਕਿਹਾ ਸੀ ਕਿ ਰਾਸ਼ਟਰਪਤੀ ਤੇ ਬੋਫੋਰਜ਼ ਤੋਪ ਸੌਦੇ ਦੇ ਮਸਲੇ ਨੂੰ ਲੋਕ ਸਭਾ ਵਿਚ ਵਾਦ ਵਿਵਾਦ ਦਾ ਕਾਰਨ ਨਹੀਂ ਬਨਾਉਣਾ ਚਾਹੀਦਾ ਕਿਉਂਕਿ ਇਹ ਮਸਲੇ ਹਾਉਸ ਦੀਆਂ ਰਵਾਇਤਾਂ ਦੇ ਮੁਤਾਬਿਕ ਨਹੀਂ ਹਨ। ਉਹਨਾਂ ਕਿਹਾ ਕਿ ਸੰਵਿਧਾਨਕ ਬਾਡੀਆਂ ਨੇ ਹੀ ਸੰਵਿਧਾਨ ਤੇ ਨਿਯਮ ਬਣਾਏ ਸਨ। ਪ੍ਰੀਜ਼ਾਈਡਿੰਗ ਅਫਸਰਾਂ ਦਾ ਕੰਮ ਸਿਰਫ ਉਹਨਾਂ ਨੂੰ ਵਰਤੋਂ ਵਿਚ ਲਿਆਉਣਾ ਹੈ। ਉਹਨਾਂ ਕਿਹਾ ਕਿ ਲੋਕ ਰਾਜ ਨੂੰ ਸਫਲ ਬਨਾਉਣ ਵਿਚ ਪ੍ਰੈਸ, ਅਦਾਲਤਾਂ ਅਤੇ ਅਸੰਬਲੀਆਂ ਦਾ ਅਹਿਮ ਰੋਲ ਹੁੰਦਾ ਹੈ। ਪਰ ਉਹ ਮਹਿਸੂਸ ਕਰਦੇ ਹਨ ਕਿ ਅਖਬਾਰਾਂ ਨੂੰ ਆਪਣੇ ਆਪ ਤੇ ਪਾਬੰਦੀ ਹੋਏਗੀ। ਇਹ ਪਾਬੰਦੀ ਉਹ ਆਪਣੇ ਆਪ ਵਲੋਂ ਲਾਉਣ ਬਾਹਰੋਂ ਨਹੀਂ ਲਾਈ ਜਾਏਗੀ। ਜੰਮੂ-ਕਸ਼ਮੀਰ ਵਿਧਾਨ ਸਭਾ ਦੇ ਸਪੀਕਰ ਸ੍ਰੀ ਮਿਰਜਾ ਅਬਦੁਲ ਰਸ਼ੀਦ ਨੇ ਕਾਨਫਰੰਸ ਵਿਚ ਆਏ ਡੈਲੀਗੇਟਾਂ ਦਾ ਧੰਨਵਾਦ ਕੀਤਾ। ਮੁਖ ਮੰਤਰੀ ਫਾਰੂਕ ਤੇ ਉਹਨਾਂ ਦੇ ਸਾਥੀ ਮੰਤਰੀ ਵੀ ਸ਼ਾਮਲ ਹੋਏ।

# ਸੋਕੇ ਕਾਰਨ ਪੰਜਾਬ ਨੂੰ 706 ਕਰੋੜ ਰੁਪਏ ਦਾ ਘਾਟਾ, 490 ਕਰੋੜ ਰੁਪੈ ਸਹਾਇਤਾ ਦੀ ਮੰਗ

ਚੰਡੀਗੜ੍ਹ — ਇਕ ਰੀਪੋਰਟ ਅਨੁਸਾਰ ਪਿਛਲੇ ਮਹੀਨੇ ਦੋ ਪੰਜਾਬ ਵਿਚ ਪਏ ਸਖਤ ਸੋਕੇ ਕਾਰਨ ਪੰਜਾਬ ਨੂੰ 706 ਕਰੋੜ ਰੁਪਏ ਦਾ ਘਾਟਾ ਪਿਆ ਹੈ। ਫਸਲਾਂ ਦੇ ਨਸ਼ਟ ਹੋਣ ਨਾਲ ਪਏ ਘਾਟੇ ਦੇ ਅੰਕੜੇ 600 ਕਰੋੜ ਰੁਪੈ ਅਤੇ ਚਾਰੇ ਦੀਆਂ ਫਸਲਾਂ ਨਸ਼ਟ ਹੋਣ ਦੇ ਅੰਕੜੇ 106 ਕਰੋੜ ਰੁਪਏ ਹਨ। ਇਸ ਮੌਕੇ ਦਾ ਪੂਰਾ ਜਾਇਜ਼ਾ ਲੈਣ ਲਈ ਕੇਂਦਰੀ ਕਮੇਟੀ ਪੰਜਾਬ ਦੇ ਸੋਕੇ ਮਾਰੇ ਇਲਾਕਿਆਂ ਵਿਚ ਫਿਰ ਰਹੀ ਹੈ। ਪੰਜਾਬ ਦੇ ਵਿੱਤ ਕਮਿਸ਼ਨਰ ਤੇਜਿੰਦਰ ਖੰਨਾ ਨੇ ਦੱਸਿਆ ਕਿ ਪੰਜਾਬ ਨੇ ਕੇਂਦਰ ਪਾਸੋਂ 490 ਕਰੋੜ ਰੁਪਏ ਦੀ ਸਹਾਇਤਾ ਮੰਗੀ ਹੈ। ਜਿਸ ਵਿਚੋਂ ਦੋ ਸੌ ਕਰੋੜ ਰੁਪਏ ਪੰਜ ਏਕੜ ਤੱਕ ਦੇ ਮਾਲਕ ਕਿਸਾਨਾਂ ਨੂੰ ਬੋਨਸ ਵਜੋਂ ਦਿੱਤੇ ਜਾਣਗੇ।

ਪੰਜਾਬ ਦੇ ਮੁਖ ਸਕੱਤਰ ਮਿ. ਵੈਸ਼ਨਵ ਨੇ ਦੱਸਿਆ ਹੈ ਕਿ ਉਹਨਾਂ ਕੇਂਦਰੀ ਟੀਮ ਉਤੇ ਜ਼ੋਰ ਪਾਇਆ ਹੈ ਕਿ ਪੰਜਾਬ ਦੇ ਸੋਕੇ ਮਾਰੇ ਕਿਸਾਨਾਂ ਨੂੰ ਦਿਲ ਖੋਲ੍ਹ ਕੇ ਮੱਦਦ ਦਿੱਤੀ ਜਾਵੇ ਭਾਵੇਂ ਦੂਸਰੇ ਰਾਜਾਂ ਨਾਲੋਂ ਸੋਕੇ ਕਾਰਨ ਪੰਜਾਬ ਵਿਚ ਨੁਕਸਾਨ ਘੱਟ ਹੋਇਆ ਹੈ ਪਰ ਕਿਸਾਨ ਮੱਦਦ ਦੇ ਹੱਕਦਾਰ ਜ਼ਰੂਰ ਹਨ।

## ਕਿਹੜਾ

ਸ਼ਾਂਤਾ ਆਪਣਾ ਸੱਤਾਂ ਕੁ ਸਾਲਾਂ ਦਾ ਲੜਕਾ ਰਾਜੂ ਆਪਣੀ ਸੱਸ ਕੋਲ ਛੱਡ ਕੇ ਪੇਕੇ ਗਈ ਸੀ। ਕੁਝ ਦਿਨਾਂ ਬਾਅਦ ਹੀ ਸੱਸ ਦੀ ਚਿੱਠੀ ਆਈ, "ਸ਼ਾਂਤਾ, ਜਲਦੀ ਵਾਪਸ ਆ ਜਾਓ, ਲੜਕਾ ਬਹੁਤ ਉਦਾਸ ਰਹਿੰਦਾ ਹੈ।"

ਸ਼ਾਂਤਾ ਨੇ ਤੁਰੰਤ ਜਵਾਬੀ ਖਤ ਲਿਖਿਆ, "ਕਿਹੜਾ ਲੜਕਾ ? ਮੇਰਾ ਕਿ ਤੁਹਾਡਾ?"

# ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਅਪੀਲ

ਨਵੀਂ ਦਿੱਲੀ — ਬਖਸ਼ੀ ਜਗਦੇਵ ਸਿੰਘ ਪ੍ਰਚਾਰ ਸਕੱਤਰ ਸ਼੍ਰੋਮਣੀ ਅਕਾਲੀ ਦਲ (ਲ:) ਜੋ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਹਨ ਨੇ ਗੁਰਦੁਆਰਾ ਕਮੇਟੀ ਦੇ ਅੰਤਰਿੰਗ ਬੋਰਡ ਵਿਚਲੇ ਦੋਹਾਂ ਧੜਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਵਰਤਮਾਨ ਸਥਿਤੀ ਨੂੰ ਵੇਖਦਿਆਂ ਅਤੇ ਦੇਸ਼ ਭਰ ਵਿਚ ਇਸ ਸਮੇਂ ਸਿੱਖਾਂ ਦੀ ਜੋ ਨਮੋਸ਼ੀ ਹੋ ਰਹੀ ਹੈ, ਉਸ ਦਾ ਖਿਆਲ ਕਰਦਿਆਂ ਧੜੇਬੰਦੀ ਤੋਂ ਉਪਰ ਉਠ ਕੇ ਗੁਰਧਾਮਾਂ ਦੀ ਸੇਵਾ ਕਰਨ ਅਤੇ ਆਮ ਲੋਕਾਂ ਨੂੰ ਇਹ ਪ੍ਰਭਾਵ ਦੇਣ ਕਿ ਸੰਕਟ ਦੀ ਘੜੀ ਵਿਚ ਤਾਂ ਸਿੱਖ ਜ਼ਰੂਰ ਇਕੱਠੇ ਹੋ ਸਕਦੇ ਹਨ। ਆਪ ਨੇ ਇਹ ਵੀ ਆਖਿਆ ਕਿ ਦੋਹਾਂ ਧੜਿਆਂ ਦੇ ਨਵੇਂ ਅਹੁਦੇਦਾਰਾਂ ਅਤੇ ਅੰਤਰਿੰਗ ਬੋਰਡ ਦੇ ਮੈਂਬਰਾਂ ਦੀ ਚੋਣ ਲਈ ਵੱਖ ਵੱਖ ਜਨਰਲ ਇਜਲਾਸ ਸੱਦ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਨਵੀਂ ਚੋਣ ਪ੍ਰਤੀ ਇਮਾਨਦਾਰ ਹਨ। ਹੁਣ ਉਨ੍ਹਾਂ ਨੂੰ ਆਪਣੇ ਇਨ੍ਹਾਂ ਫੈਸਲਿਆਂ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇ ਕੇ ਨਵੀਂ ਚੋਣ ਕਰਵਾ ਦੇਣੀ ਚਾਹੀਦੀ ਹੈ। ਆਪ ਨੇ ਹੋਰ ਆਖਿਆ ਕਿ ਇਸ ਸਮੇਂ ਪੰਥ ਬੜੇ ਸੰਕਟ ਭਰੇ ਦੌਰ ਵਿਚੋਂ ਨਿਕਲ ਰਿਹਾ ਹੈ। ਇਸ ਲਈ ਆਪੋ ਵਿਚ ਲੜ ਝਗੜ ਕੇ ਇਸ ਸੰਕਟ ਨੂੰ ਵਧਾਉਣਾ ਪੰਥ ਨਾਲ ਸਭ ਤੋਂ ਵੱਡੀ ਗਦਾਰੀ ਹੋਵੇਗਾ ਜਿਸ ਤੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਨੂੰ ਬਚਣਾ ਚਾਹੀਦਾ ਹੈ।

# ਪਤੀ ਉਤੇ ਪਤਨੀ ਨੂੰ ਅੱਗ ਲਾਉਣ ਦਾ ਦੋਸ਼

ਮੁੱਲਾਂਪੁਰ ਦਾਖਾ — ਇਥੋਂ ਪੰਜ ਕਿਲੋਮੀਟਰ ਦੂਰ ਪਿੰਡ ਹਸਨਪੁਰ ਦੀ ਸ਼ਾਦੀਸ਼ੁਦਾ ਔਰਤ ਦਵਿੰਦਰ ਕੌਰ ਜੋ ਅੱਗ ਲੱਗਣ ਨਾਲ ਬੁਰੀ ਤਰ੍ਹਾਂ ਝੁਲਸ ਚੁੱਕੀ ਸੀ ਨੂੰ ਬੇਹੋਸ਼ੀ ਦੀ ਹਾਲਤ ਵਿਚ ਲੁਧਿਆਣਾ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ। ਹਸਪਤਾਲ ਵਿਚ ਦਵਿੰਦਰ ਕੌਰ ਦੀ ਹਾਲਤ ਬਹੁਤ ਗੰਭੀਰ ਹੈ। ਸ੍ਰੀਮਤੀ ਦਵਿੰਦਰ ਕੌਰ ਦੇ ਚਾਚੇ ਸਾਧੂ ਸਿੰਘ ਨੇ ਜੋ ਕਿ ਪੰਚਾਇਤ ਸਕੱਤਰ ਹੈ ਨੇ ਦੱਸਿਆ ਕਿ ਉਸ ਦੀ ਭਤੀਜੀ ਨੂੰ ਉਸ ਦੇ ਪਤੀ ਅਮਰੀਕ ਸਿੰਘ ਨੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਕੇ ਸਾੜਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੱਸਿਆ ਅਮਰੀਕ ਸਿੰਘ ਦਾ ਦਵਿੰਦਰ ਕੌਰ ਨਾਲ ਝਗੜਾ ਰਹਿੰਦਾ ਸੀ। ਇਸ ਸਬੰਧ ਵਿਚ ਸਾਧੂ ਸਿੰਘ ਕੁਝ ਸਰਪੰਚਾਂ ਨੂੰ ਨਾਲ ਲੈ ਕੇ ਥਾਣਾ ਦਾਖਾ ਦੇ ਪੁਲਸ ਅਧਿਕਾਰੀਆਂ ਨੂੰ ਵੀ ਮਿਲਿਆ ਹੈ ਜਿਨ੍ਹਾਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਹ ਸਾਰੇ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕਰਨਗੇ।

# ਅਤਿਵਾਦੀਆਂ ਦੀ ਲਿਸਟ ਮੇਰੇ ਕੋਲ ਵੀ ਹੈ ਮਿ. ਰਿਬੇਰੋ ਲੈ ਸਕਦੇ ਹਨ — ਨਿਹਾਲ ਸਿੰਘ ਵਾਲਾ

ਚੰਡੀਗੜ੍ਹ — ਪੰਜਾਬ ਕਾਂਗਰਸ ਦੇ ਉਘੇ ਲੀਡਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਜੋ ਕਾਂਗਰਸ ਪ੍ਰਧਾਨਗੀ ਦੇ ਉਮੀਦਵਾਰ ਵੀ ਹਨ ਨੇ ਪੰਜਾਬ ਪੁਲਸ ਦੇ ਮੁਖੀ ਮਿ. ਰਿਬੇਰੋ ਨੂੰ ਪੇਸ਼ਕਸ਼ ਕੀਤੀ ਹੈ ਕਿ ਜੇਕਰ ਉਹ ਜ਼ਰੂਰੀ ਸਮਝਣ ਤਾਂ ਮੈਂ ਉਹਨਾਂ ਨੂੰ ਪੰਜਾਬ ਵਿਚ ਹਾਲਾਂ ਵੀ ਕੰਮ ਕਰ ਰਹੇ ਦਹਿਸ਼ਤਪਸੰਦਾਂ ਦੀ ਲਿਸਟ ਦੇ ਸਕਦਾ ਹਾਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੁਰਚਰਨ ਸਿੰਘ ਨੇ ਕਿਹਾ ਕਿ ਇਸ ਸਮੇਂ ਮਿ. ਰਿਬੇਰੋ ਦਹਿਸ਼ਤਪਸੰਦਾਂ ਦੇ ਖਾਤਮੇ ਲਈ ਜੋ ਕੁਝ ਵੀ ਕਰ ਰਹੇ ਹਨ ਠੀਕ ਕਰ ਰਹੇ ਹਨ। ਮਸਲੇ ਦਾ ਹੱਲ ਬਾਅਦ ਦੀ ਗੱਲ ਹੈ। ਪਹਿਲਾਂ ਦਹਿਸ਼ਤਵਾਦ ਮੁਕਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੰਜਾਬ ਵਿਚ ਚਲ ਰਿਹਾ ਅਤਿਵਾਦ ਅਸਲ ਵਿਚ ਪੰਜਾਬ ਦੇ ਸਿਆਸਤਦਾਨਾਂ ਅਤੇ ਪੁਲਸ ਵਿਚ ਪੈਦਾ ਹੋਈ ਕੁਰਪਸ਼ਨ ਦੀ ਪੈਦਾਵਾਰ ਹੈ। ਪੁਲਸ ਤੇ ਅਨੇਕਾਂ ਰਾਜਸੀ ਨੇਤਾਵਾਂ ਨੇ ਅਜ ਕਲ ਸਮਗਲਰਾਂ ਤੇ ਗੁੰਡਿਆਂ ਨਾਲ ਰਿਸ਼ਤੇ ਬਣਾ ਲਏ ਹਨ ਤੇ ਇਹੋ ਗੱਲ ਪੰਜਾਬ ਨੂੰ ਤਬਾਹ ਕਰ ਰਹੀ ਹੈ। ਉਹਨਾਂ ਸਿਆਸੀ ਲੀਡਰਾਂ ਅਤੇ ਸਰਕਾਰੀ ਅਫਸਰਾਂ ਦੀਆਂ ਜਾਇਦਾਦਾਂ ਦੇ ਅੰਕੜੇ ਪ੍ਰਕਾਸ਼ਿਤ ਕਰਨ ਦਾ ਵੀ ਸੁਝਾਓ ਦਿੱਤਾ।

# ਪੁਲਸ ਨੇ ਦਾਜ ਦੇ ਲਾਲਚੀਆਂ ਕੋਲੋਂ ਘਰ 'ਚ ਕੈਦ ਕੀਤੀ ਔਰਤ ਛੁਡਾਈ

ਬਠਿੰਡਾ — ਐਸ ਪੀ ਸ੍ਰੀ ਅਨਿਲ ਸ਼ਰਮਾ ਦੀ ਅਗਵਾਈ ਵਿਚ ਪੁਲਸ ਨੇ ਬਿਰਲਾ ਮਿਲ ਰੋਡ ਤੇ ਇਕ ਮਕਾਨ ਤੇ ਛਾਪਾ ਮਾਰਕੇ ਸੁਰਜੀਤ . ਸੁਖਜੀਤ ਕੌਰ ਨਾਮੀ ਇਕ ਲੜਕੀ ਨੂੰ ਬਰਾਮਦ ਕੀਤਾ ਜਿਸਨੂੰ ਉਸਦੇ ਸਹੁਰਿਆਂ ਨੇ 14 ਮਹੀਨਿਆਂ ਤੋਂ ਆਪਣੇ ਘਰ ਵਿਚ ਹੀ ਬਣਾਈ ਇਕ ਕਾਲ ਕੋਠੜੀ ਵਿਚ ਜਬਰਦਸਤੀ ਬੰਦੀ ਬਣਾ ਰਖਿਆ ਸੀ। ਲੜਕੀ ਦੇ ਭਰਾ ਹਰਨੇਕ ਸਿੰਘ ਸਰਪੰਚ ਪਿੰਡ ਘਗਰ ਜ਼ਿਲਾ ਫਰੀਦਕੋਟ ਤੇ ਤੇਜਾ ਸਿੰਘ ਦੀ ਸ਼ਿਕਾਇਤ ਤੇ ਪੁਲਸ ਨੇ ਛਾਪਾ ਮਾਰਿਆ। ਘਰ ਵਿਚ ਉਹ ਗੁਲਾਮਾਂ ਵਾਂਗ ਰਖੀ ਹੋਈ ਸੀ। ਉਹ ਇਕ ਖਤਰਨਾਕ ਬੀਮਾਰੀ ਦੀ ਸ਼ਿਕਾਰ ਵੀ ਹੈ। ਪੱਤਰਕਾਰਾਂ ਨੇ ਵੀ ਉਹ ਕਾਲ ਕੋਠੜੀ ਦੇਖੀ। ਉਸ ਵਿਚ ਉਸਦੇ ਸਹੁਰਿਆਂ ਨੇ ਕਿਹਾ ਕਿ ਮਿੱਟੀ ਦੇ ਭਾਂਡੇ ਤੇ ਪੀਣ ਲਈ ਪਾਣੀ ਦਿਤਾ ਹੋਇਆ ਸੀ। ਉਸਨੂੰ ਪੰਦਰਾਂ ਦਿਨਾਂ ਦਾ ਰਾਸ਼ਨ ਦਿੱਤਾ ਜਾਂਦਾ ਸੀ ਜੋ ਉਹ ਖੁਦ ਪਕਾਉਂਦੀ ਸੀ। ਉਸਦੀ ਇਕੋ ਇਕ 9 ਸਾਲਾਂ ਦੀ ਲੜਕੀ ਹੈ ਜੋ ਉਸਦੇ ਮਾਪਿਆਂ ਕੋਲ ਰਹਿੰਦੀ ਹੈ। ਉਸਨੂੰ ਕਿਸੇ ਰਿਸ਼ਤੇਦਾਰ ਨਾਲ ਮਿਲਣ ਦੀ ਇਜਾਜਤ ਨਹੀਂ ਸੀ। ਐਸ ਐਸ ਪੀ ਬਠਿੰਡਾ ਸ: ਗਿੱਲ ਨੇ ਦੱਸਿਆ ਕਿ ਸੁਖਜੀਤ ਕੌਰ ਦਾ ਵਿਆਹ ਬਾਰਾਂ ਸਾਲ ਪਹਿਲਾਂ ਬਲਵੰਤ ਸਿੰਘ ਨਾਲ ਹੋਇਆ ਜੋ ਇਥੇ ਥਰਮਲ ਪਲਾਂਟ ਵਿਚ ਕਲਰਕ ਹੈ। ਲੜਕੀ ਦੇ ਭਰਾ ਨੇ ਪੁਲਸ ਨੂੰ ਦੱਸਿਆ ਕਿ ਉਸਦੀ ਸ਼ਾਦੀ ਤੇ ਹਜ਼ਾਰਾਂ ਰੁਪੈ ਖਰਚ ਕੀਤੇ। ਪੰਦਰਾਂ ਤੋਲੇ ਸੋਨੇ ਦੇ ਗਹਿਣੇ, ਦਸ ਹਜ਼ਾਰ ਰੁਪੈ ਨਕਦ, ਮੋਟਰ ਸਾਈਕਲ ਲੈਣ ਲਈ ਉਨ੍ਹਾਂ ਦਾਜ ਵਿਚ ਦਿੱਤੇ ਸਨ। ਪਰ ਵਿਆਹ ਪਿਛੋਂ ਉਸਦੇ ਸਹੁਰਿਆਂ ਨੇ ਸਾਥੋਂ ਹੋਰ ਪੈਸੇ ਮੰਗਵਾਉਣ ਲਈ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਹ ਚਾਹੁੰਦੇ ਸਨ ਕਿ ਅਸੀਂ ਜ਼ਮੀਨ ਗਹਿਣੇ ਰਖਕੇ ਉਨ੍ਹਾਂ ਨੂੰ ਪੈਸੇ ਦੇਈਏ, ਉਨ੍ਹਾਂ ਦੀ ਯੋਜਨਾ ਉਸ ਨੂੰ ਮਾਰ ਦੇਣ ਦੀ ਸੀ ਇਸੇ ਕਰਕੇ ਉਸ ਨੂੰ ਛੁਪਾ ਕੇ ਰਖਿਆ ਹੋਇਆ ਸੀ।

# ਚਾਡ ਨਾਲ ਲੜਾਈ ਖਤਮ ਹੋ ਗਈ — ਗਦਾਫ਼ੀ

ਰੋਮ — ਲਿਬੀਆ ਦੇ ਪ੍ਰਧਾਨ ਕਰਨਲ ਗਦਾਫੀ ਨੇ ਜਿੱਤ ਦਾ ਦਾਅਵਾ ਕਰਦਿਆਂ ਚਾਡ ਨਾਲ ਆਪਣੇ ਦੇਸ਼ ਦੀ ਲੜਾਈ ਖਤਮ ਹੋਣ ਦਾ ਐਲਾਨ ਕੀਤਾ। ਸਲੋਂਗ ਵਿਖੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਰਨਲ ਗਦਾਫੀ ਨੇ ਕਿਹਾ ਕਿ 'ਜੰਗ ਦੇ ਕੁੱਤਿਆਂ' ਨੂੰ ਔਜ਼ੂ ਵਿਚੋਂ ਕੱਢ ਦਿਤਾ ਗਿਆ ਹੈ ਅਤੇ 'ਅਲ-ਸਾਰਾ' ਹੁਣ ਪੂਰੀ ਤਰ੍ਹਾਂ ਲਿਬੀਆ ਦੇ ਅਧਿਕਾਰ ਹੇਠ ਹੈ।


A Lifetime of Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4
Ph. 859-4222



CALL US FIRST
IATA APPROVED OFFICE
Express Internationl Travel (1986) Ltd. ATAC

ਸਾਡੇ ਕੋਲ ਸਪੈਸ਼ਲ ਇਮੀਗਰੈਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ। ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸੰਪਰਕ ਕਰੋ। ਨਾਲ ਹੀ ਇਮੀਗਰੈਂਟ ਤੇ ਵਿਜ਼ਟਰ ਇੰਨਸ਼ੋਰੈਂਸ ਵੀ ਅਸੀਂ ਮੁਹੱਈਆ ਕਰਦੇ ਹਾਂ।

Approved Agent All Major Airlines

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ
ਸਪੈਸ਼ਲ ਸਰਵਿਸ
ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG

## 55 ਸਾਲ ਦੀ ਦਾਦੀ ਨੇ ਕਾਕੇ ਨੂੰ ਜਨਮ ਦਿੱਤਾ

ਡਰਬੀਸ਼ਾਇਰ — ਇਸ ਇਲਾਕੇ ਦੇ ਸ਼ਹਿਰ ਇਲਕੇਸਨ ਦੀ 55 ਸਾਲਾ ਵਸਨੀਕ ਮਿਸਿਜ਼ ਕੈਥਲੀਨ ਚੈਂਪਬੈਲ ਨੇ ਨੌਟਿੰਘਮ ਦੇ ਸਿਟੀ ਹਸਪਤਾਲ ਵਿਚ ਛੇ ਪੌਂਡ ਸੱਤ ਔਂਸ ਦੇ ਮੁੰਡੇ ਨੂੰ ਜਨਮ ਦਿੱਤਾ ਹੈ। ਇਸ ਜਨਮ ਲਈ ਔਰਤ ਦਾ ਵੱਡਾ ਅਪਰੇਸ਼ਨ ਕਰਨਾ ਪਿਆ। ਇਸ ਬੱਚੇ ਨੂੰ ਜਨਮ ਦੇ ਕੇ ਮਿਸਿਜ਼ ਕੈਥਲੀਨ ਨੇ ਵਡੇਰੀ ਉਮਰ 'ਚ ਬੱਚਾ ਜਨਣ ਦੇ ਪੁਰਾਣੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ।

## ਇੰਕਾ ਨੇਤਾਵਾਂ ਵਲੋਂ ਦੇਵੀ ਲਾਲ ਤੇ ਦੋਸ਼

ਨਵੀਂ ਦਿੱਲੀ — ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਦੇਵੀ ਲਾਲ ਤੇ ਰਾਜ ਦੇ ਸੋਕੇ ਦੀ ਸਥਿਤੀ ਨਾਲ ਨਿਪਟਣ ਦੀ ਥਾਂ ਤੇ ਆਪਣਾ ਵਕਾਰ ਬਣਾਉਣ ਲਈ ਰਾਜ ਦੇ ਬਾਹਰ ਸਿਆਸਤ ਚਲਾਉਣ ਦਾ ਦੋਸ਼ ਇੰਕਾ ਨੇਤਾਵਾਂ ਵਲੋਂ ਲਗਾਇਆ ਗਿਆ ਹੈ। ਸੋਨੀਪਤ ਤੋਂ ਇੰਕਾ ਪਾਰਲੀਮੈਂਟ ਮੈਂਬਰ ਸ੍ਰੀ ਧਰਮਪਾਲ ਸਿੰਘ ਮਲਿਕ ਨੇ ਦੋਸ਼ ਲਾਇਆ ਕਿ ਹਰਿਆਣਾ ਦਾ ਸੋਕਾ ਰਾਹਤ ਫੰਡ ਦੇਵੀ ਲਾਲ ਰਾਹਤ ਫੰਡ ਬਣ ਕੇ ਰਹਿ ਗਿਆ ਹੈ ਅਤੇ ਰਾਜ ਲੋਕ ਦਲ ਦੇ ਪ੍ਰਧਾਨ ਸ੍ਰੀ ਓਮ ਪ੍ਰਕਾਸ਼ ਰਾਹਤ ਫੰਡ ਦੇ ਨਾਂ ਤੇ ਜਨਤਾ ਤੋਂ ਪੈਸਾ ਇਕੱਠਾ ਕਰ ਰਹੇ ਹਨ। ਉਨ੍ਹਾਂ ਨੇ ਸ੍ਰੀ ਦੇਵੀ ਲਾਲ ਨੂੰ ਅਪੀਲ ਕੀਤੀ ਕਿ ਉਹ ਰਾਜ ਦੇ ਬਾਹਰ ਆਪਣਾ ਵਕਾਰ ਨਿਖਾਰਨ ਦੀ ਥਾਂ ਤੇ ਇਸ ਔਖੀ ਘੜੀ ਵਿਚ ਧਿਆਨ ਸੋਕੇ ਦੀ ਸਥਿਤੀ ਨਾਲ ਨਿਪਟਣ ਲਈ ਲਗਾਉਣ। ਹਰਿਆਣਾ ਯੂਥ ਕਾਂਗਰਸ (ਇ) ਦੇ ਮੀਤ ਪ੍ਰਧਾਨ ਸ੍ਰੀ ਸੁਖਬੀਰ ਸਿੰਘ ਕੰਡੂ ਨੇ ਦੋਸ਼ ਲਾਇਆ ਹੈ ਕਿ ਸ੍ਰੀ ਦੇਵੀ ਲਾਲ ਦੇ ਚੁਣਾਵੀ ਵਾਇਦੇ ਝੂਠੇ ਸਾਬਤ ਹੋ ਰਹੇ ਹਨ


ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings
Off; 872-6060




## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name......................................................
Address...................................................
City.........................................................
Province..................................................
Postal code..............................................
PHONE.

| | |
|---|---|
| One Year ................... | 25 dollars |
| Two Year ................... | 45 dollars |
| Three year ................. | 65 dollars |
| Life membership.......... | 300 dollars |
| ASIA............................ | 100 dollars[a year] |
| U.S.A. ......................... | 30 dollars [a year] |
| Europe ........................ | 100 dollars[a year] |
| Africa .......................... | 100 dollars [a year] |


ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75



Business Financial Planning






Taking Care of Your Family and Business






Recruiting and Retaining Key Employees






Affordable Retirement Packages for You and Your Employees

Find Out More
About
The Plan(s) That Interest You
Call Your Financial Planner
and
Complete Brokerage Service:



Sudesh Kalia
Bus: (604) 685-9335
Res: (604) 254-5837
NORTH AMERICAN LIFE

# ਪੰਜਾਬ ਸਮੱਸਿਆ ਦੇ ਹੱਲ ਲਈ ਸ੍ਰੀਲੰਕਾ ਸਮਝੌਤੇ ਵਰਗਾ ਦਲੇਰੀ ਭਰਿਆ ਕਦਮ ਚੁੱਕਣ ਦੀ ਲੋੜ — ਬਰਾੜ

ਨਵੀਂ ਦਿੱਲੀ — "ਅੱਜ ਪੰਜਾਬ ਦਾ ਕਿਸਾਨ ਬਹੁਤ ਸੰਕਟ ਵਿਚ ਹੈ, ਪਹਿਲਾਂ ਬਾਰਸ਼ਾਂ ਨੇ ਉਸ ਦੇ ਮੰਡੀਆਂ ਵਿਚ ਪਏ ਅਨਾਜ ਨੂੰ ਤਬਾਹ ਅਤੇ ਬਰਬਾਦ ਕਰ ਦਿੱਤਾ ਅਤੇ ਬਾਅਦ ਵਿਚ ਬਾਰਸ਼ਾਂ ਸਮੇਂ ਸਿਰ ਨਾ ਹੋਣ ਕਾਰਨ ਸੋਕੇ ਨੇ ਉਨ੍ਹਾਂ ਦੀਆਂ ਫਸਲਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਇਹ ਸ਼ਬਦ ਸ੍ਰੀ ਜਗਮੀਤ ਸਿੰਘ ਬਰਾੜ, ਜਨਰਲ ਸਕੱਤਰ, ਭਾਰਤੀ ਯੂਥ ਕਾਂਗਰਸ (ਆਈ) ਨੇ 'ਪੰਜਾਬੀ ਟ੍ਰਿਬਿਊਨ' ਨਾਲ ਇਕ ਵਿਸ਼ੇਸ਼ ਮੁਲਾਕਾਤ ਸਮੇਂ ਕਹੇ। ਸ੍ਰੀ ਬਰਾੜ ਨੇ ਕਿਹਾ ਕਿ ਬਾਰਸ਼ਾਂ ਕਾਰਨ ਮੰਡੀਆਂ ਵਿਚ ਪਿਆ ਜੋ ਅਨਾਜ ਖਰਾਬ ਹੋ ਗਿਆ ਸੀ, ਇਕ ਪਾਸੇ ਤਾਂ ਕਿਸਾਨਾਂ ਨੂੰ ਉਹ ਕੌਡੀਆਂ ਦੇ ਭਾਅ ਵੇਚਣਾ ਪਿਆ, ਦੂਜਾ ਵਿਚੋਲਿਆਂ ਨੇ ਵੀ ਇਸ ਮੌਕੇ ਦਾ ਭਰਪੂਰ ਲਾਭ ਉਠਾਇਆ ਤੇ ਪੰਜਾਬ ਦੇ ਕਿਸਾਨਾਂ ਨੂੰ ਲੁੱਟਣ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਦੇ ਦੋ ਹਜ਼ਾਰ ਕਿਸਾਨ ਦਿੱਲੀ ਆਏ ਸਨ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨਾਲ ਮੁਲਾਕਾਤ ਕਰ ਕੇ, ਉਨ੍ਹਾਂ ਸਾਹਮਣੇ ਆਪਣੀਆਂ ਮੁਸ਼ਕਲਾਂ ਰੱਖਦਿਆਂ ਹੋਇਆਂ ਮੰਗ ਕੀਤੀ ਸੀ ਕਿ ਇਸ ਵਾਰ ਉਨ੍ਹਾਂ ਨੂੰ ਝੋਨੇ ਨਰਮੇ ਅਤੇ ਤੇਲ ਬੀਜਾਂ ਦਾ ਅਜਿਹਾ ਵਾਜਬ ਮੁੱਲ ਦਿਤਾ ਜਾਏ ਜਿਸ ਨਾਲ ਉਨ੍ਹਾਂ ਦਾ ਘਾਟਾ ਪੂਰਾ ਹੋ ਸਕੇ।

ਯੂਥ ਕਾਂਗਰਸ ਨੇਤਾ ਨੇ ਪੰਜਾਬ ਵਿਚ ਬਿਜਲੀ ਦੀ ਘਾਟ ਦਾ ਜ਼ਿਕਰ ਕਰਦਿਆਂ ਹੋਇਆਂ ਆਖਿਆ ਕਿ ਪੰਜਾਬ ਵਿਚਲੇ ਜਿਨਾਂ ਪਾਵਰ ਪ੍ਰੋਜੈਕਟਾਂ ਉਪਰ ਕੰਮ ਚਲ ਰਿਹਾ ਹੈ ਜੇਕਰ ਉਨ੍ਹਾਂ ਨੂੰ ਲੋੜੀਂਦੇ ਫੰਡ ਮੁਹੱਈਆ ਕਰਵਾ ਕੇ ਕੰਮ ਵਿਚ ਤੇਜ਼ੀ ਲਿਆਂਦੀ ਜਾਏ ਤਾਂ ਇਹ ਪ੍ਰੋਜੈਕਟ ਜਲਦੀ ਹੀ ਮੁਕੰਮਲ ਹੋ ਕੇ ਬਿਜਲੀ ਦੀ ਘਾਟ ਨੂੰ ਕਾਫੀ ਹੱਦ ਤੱਕ ਪੂਰਿਆਂ ਕਰ ਸਕਦੇ ਹਨ। ਭਾਰਤੀ ਊਰਜਾ ਕਮਿਸ਼ਨ ਨੇ ਪੰਜਾਬ ਵਿਚ ਇਕ ਐਟਮੀ ਪਾਵਰ ਪਲਾਂਟ ਦੀ ਉਸਾਰੀ ਦੀ ਪ੍ਰਵਾਨਗੀ ਦਿੱਤੀ ਹੋਈ ਹੈ ਅਤੇ ਇਸ ਦੇ ਲਈ ਕਮਿਸ਼ਨ ਵਲੋਂ ਚਮਕੌਰ ਸਾਹਿਬ ਅਤੇ ਪਾਤੜਾਂ ਦੇ ਇਲਾਕੇ ਦੇ ਚੋਣ ਵੀ ਕਰ ਲਈ ਗਈ ਹੋਈ ਹੈ, ਪ੍ਰੰਤੂ ਅਜੇ ਤੱਕ ਇਸ ਉਪਰ ਕੰਮ ਸ਼ੁਰੂ ਨਹੀਂ ਹੋਇਆ। ਜੇ ਇਹ ਪਲਾਂਟ ਸਥਾਪਤ ਕਰ ਦਿੱਤਾ ਜਾਏ ਤਾਂ ਪੰਜਾਬ ਦੇ ਨਾਲ ਨਾਲ ਗੁਆਂਢੀ ਰਾਜਾਂ ਦੀ ਬਿਜਲੀ ਦੀ ਲੋੜ ਵੀ ਕੁਝ ਹੱਦ ਤੱਕ ਪੂਰੀ ਹੋ ਸਕਦੀ ਹੈ।

ਪੰਜਾਬ ਸਮੱਸਿਆ ਦਾ ਜ਼ਿਕਰ ਕਰਦਿਆਂ ਸ੍ਰੀ ਬਰਾੜ ਨੇ ਆਖਿਆ ਕਿ ਪੰਜਾਬ ਸਮੱਸਿਆ ਨੂੰ ਕੁਝ ਲੋਕਾਂ ਨੇ ਨਿੱਜੀ ਸੁਆਰਥਾਂ ਅਧੀਨ ਉਲਝਾ ਦਿੱਤਾ ਹੈ ਅਤੇ ਸਿੱਖਾਂ ਪ੍ਰਤੀ ਕਈ ਤਰ੍ਹਾਂ ਦੀਆਂ ਗਲਤ-ਫਹਿਮੀਆਂ ਪੈਦਾ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖਾਂ ਅਤੇ ਅੰਮ੍ਰਿਤ ਸੰਚਾਰ ਦੇ ਪਰੋਗਰਾਮਾਂ ਉਤੇ ਕਿੰਤੂ ਕੀਤਾ ਜਾਣ ਲੱਗ ਪਿਆ ਹੈ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਅਜਿਹਾ ਕਰਨ ਵਾਲਿਆਂ ਨੇ ਅੰਮ੍ਰਿਤਧਾਰੀ ਸਿੱਖਾਂ ਵਲੋਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਨੂੰ ਬਿਲਕੁਲ ਹੀ ਭੁਲਾ ਦਿੱਤਾ ਹੈ। ਅੰਮ੍ਰਿਤਧਾਰੀ ਸਿੱਖਾਂ ਦੀਆਂ ਕੁਰਬਾਨੀਆਂ ਦੇ ਵੇਰਵੇ ਦਿੰਦਿਆਂ ਹੋਇਆਂ ਉਨ੍ਹਾਂ ਆਖਿਆ ਕਿ ਅਬਦਾਲੀ ਦੇ 16 ਹਮਲਿਆਂ ਦਾ ਮੂੰਹ ਤੋੜ ਉਤਰ ਦੇਣ ਵਾਲੇ, ਅਬਦਾਲੀ ਦੇ ਹੱਥੋਂ ਦੇਸ਼ ਦੀ ਇਜ਼ਤ ਤੇ ਆਬਰੂ ਤੇ ਬਹੂ-ਬੇਟੀਆਂ ਨੂੰ ਬਚਾਉਣ ਵਾਲੇ ਅਤੇ ਉਸ ਪਾਸੋਂ ਲੁੱਟ ਦਾ ਮਾਲ ਖੋਹ ਲੈਣ ਵਾਲੇ ਅੰਮ੍ਰਿਤਧਾਰੀ ਸਿਖ ਹੀ ਸਨ। ਆਜ਼ਾਦੀ ਦੀ ਜਦੋ ਜਹਿਦ ਵਿਚ ਕੁਰਬਾਨੀਆਂ ਕਰਨ ਵਾਲੇ ਅਤੇ ਪੰਡਤ ਜਵਾਹਰ ਲਾਲ ਨਹਿਰੂ ਦੇ ਨਾਲ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰੀਆਂ ਦੇਣ ਵਾਲੇ ਸਿੱਖਾਂ ਵਿਚੋਂ ਬਹੁਤੇ ਅੰਮ੍ਰਿਤਧਾਰੀ ਸਿਖ ਹੀ ਸਨ। ਉਨ੍ਹਾਂ ਮੰਗ ਕੀਤੀ ਕਿ ਅੰਮ੍ਰਿਤਧਾਰੀ ਸਿੱਖਾਂ ਦੀਆਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਉਨ੍ਹਾਂ ਦੇ ਵਿਰੁੱਧ ਸ਼ੁਰੂ ਕੀਤੀ ਗਈ ਪ੍ਰਚਾਰ ਮੁਹਿਮ ਬੰਦ ਕੀਤੀ ਜਾਣੀ ਚਾਹੀਦੀ ਹੈ।

ਸ੍ਰੀ ਬਰਾੜ ਨੇ ਜੋਸ਼ ਵਿਚ ਆ ਕੇ ਆਖਿਆ ਕਿ 1961, 1965 ਅਤੇ 1971 ਦੇ ਵਿਦੇਸ਼ੀ ਹਮਲਿਆਂ ਵਿਚ ਦੁਸ਼ਮਣ ਦੇ ਹਰ ਵਾਰ ਨੂੰ ਸਿੱਖਾਂ ਨੇ ਹੀ ਆਪਣੇ ਸੀਨਿਆਂ ਉਪਰ ਰੋਕਿਆ ਅਤੇ ਦੁਸ਼ਮਣ ਨੂੰ ਮੂੰਹ ਤੋੜ ਉਤਰ ਦੇ ਕੇ ਭਾਰਤ ਦੀ ਧਰਤੀ ਤੋਂ ਵਾਪਸ ਮੋੜਿਆ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਅੱਵਲ ਤੇ ਅਖੀਰ ਸਿਖ ਦੇਸ਼ ਭਗਤ ਹਨ, ਭਵਿੱਖ ਵਿਚ ਵੀ ਜੇ ਲੋੜ ਪਈ ਤਾਂ ਸਿਖ ਪਹਿਲਾਂ ਵਾਂਗ ਹੀ ਅੱਗੇ ਵਧ ਕੇ ਦੇਸ਼ ਲਈ ਕੁਰਬਾਨੀ ਕਰਨ ਤੋਂ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਰਹਿਣਗੇ। ਦੇਸ਼ ਦੀ ਰੱਖਿਆ ਲਈ ਉਹ ਪਹਿਲਾਂ ਵਾਂਗ ਹੀ ਵਧ ਚੜ੍ਹ ਕੇ ਕੁਰਬਾਨੀਆਂ ਕਰਦੇ ਰਹਿਣਗੇ।

ਭਾਰਤ-ਸ੍ਰੀਲੰਕਾ ਸਮਝੌਤੇ ਉਤੇ ਟਿਪਣੀ ਕਰਦਿਆਂ ਸ੍ਰੀ ਬਰਾੜ ਨੇ ਆਖਿਆ ਕਿ ਸ੍ਰੀਲੰਕਾ ਦੀ ਨਸਲੀ ਸਮੱਸਿਆ ਹੱਲ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਜੋ ਦਲੇਰੀ ਭਰਿਆ ਕਦਮ ਚੁਕਿਆ ਹੈ, ਇਸ ਲਈ ਉਹ ਵਧਾਈ ਦੇ ਪਾਤਰ ਹਨ।

। ਜੇ ਅਜਿਹਾ ਦਲੇਰੀ ਭਰਿਆ ਕਦਮ ਪੰਜਾਬ ਸਮੱਸਿਆ ਦੇ ਹੱਲ ਲਈ ਵੀ ਚੁਕਿਆ ਜਾ ਸਕੇ ਤਾਂ ਉਹ ਦੇਸ਼ ਦੇ ਭਲੇ ਵਿਚ ਹੋਵੇਗਾ। ਇਸ ਸਮੇਂ ਲੋੜ ਹੈ ਕਿ ਪੰਜਾਬ ਦੇ ਸਿਖ ਨੌਜਵਾਨਾਂ ਨੂੰ ਦੇਸ਼ ਦੀ ਮੁਖ ਧਾਰਾ ਵਿਚ ਸ਼ਾਮਲ ਕਰ ਕੇ ਉਨ੍ਹਾਂ ਦੀ ਸ਼ਕਤੀ ਦੀ ਵਰਤੋਂ ਦੇਸ਼ ਦੀ ਉਨਤੀ ਅਤੇ ਖੁਸ਼ਹਾਲੀ ਨਾਲ ਸੰਬੰਧਤ ਕੰਮਾਂ ਦੇ ਲਈ ਕੀਤੀ ਜਾਵੇ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਜੇ ਪੰਜਾਬ ਦੇ ਸਿਖ ਨੌਜਵਾਨਾਂ ਨੂੰ ਪਿਆਰ ਨਾਲ ਬੁਲਾ ਕੇ ਉਨ੍ਹਾਂ ਦੀ ਗੱਲ ਸਮਝੀ ਜਾਏ ਅਤੇ ਆਪਣੀ ਗੱਲ ਉਨ੍ਹਾਂ ਨੂੰ ਸਮਝਾਈ ਜਾਵੇ ਤਾਂ ਉਹ ਮੁੱਖ ਕੌਮੀ ਧਾਰਾ ਵਿਚ ਸ਼ਾਮਲ ਹੋਣ ਲਈ ਆਪਣਾ ਸਭ ਕੁਝ ਸਮਰਪਤ ਕਰਨ ਤੋਂ ਜ਼ਰਾ ਵੀ ਸੰਕੋਚ ਨਹੀਂ ਕਰਨਗੇ।

ਉਨ੍ਹਾਂ ਸੁਝਾਅ ਦਿੱਤਾ ਕਿ ਪੰਜਾਬ ਦੀ ਸਥਿਤੀ ਸੁਧਾਰਨ ਲਈ ਅਤੇ ਆਮ ਵਰਗੇ ਹਾਲਾਤ ਪੈਦਾ ਕਰਨ ਲਈ ਪੁਲੀਸ ਦੇ ਅਧਿਕਾਰ ਸੀਮਤ ਕਰਨੇ ਚਾਹੀਦੇ ਹਨ ਅਤੇ ਪੰਜਾਬੀਆਂ ਨਾਲ ਜ਼ਬਾਨੀ-ਕਲਾਮੀ ਹਮਦਰਦੀ ਪ੍ਰਗਟ ਕਰਨ ਦੀ ਬਜਾਏ ਹਮਦਰਦੀ ਭਰੇ ਵਤੀਰੇ ਨੂੰ ਅਮਲੀ ਰੂਪ ਦਿੱਤਾ ਜਾਣਾ ਬਹੁਤ ਜ਼ਰੂਰੀ ਹੈ।

## ਪੁੱਟਿਆ ਪਹਾੜ ਨਿਕਲਿਆ ਚੂਹਾ

ਪੰਜਾਬ ਦੀਆਂ ਸਾਰੀਆਂ ਪਾਰਟੀਆਂ ਦੇ ਨੇਤਾ ਇਸ ਵਾਰ ਇਹ ਆਸ ਲਾਈ ਬੈਠੇ ਸਨ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਉਤੇ ਪੰਜਾਬ ਦੇ ਪਹਿਲੇ ਗਵਰਨਰ ਠਾਕਰ ਅਰਜਨ ਸਿੰਘ ਇਹ ਐਲਾਨ ਕਰਨਗੇ ਕਿ ਪੰਜਾਬ ਸਮਝੌਤਾ ਪਰਵਾਨ ਕਰ ਲਿਆ ਗਿਆ ਹੈ ਅਤੇ ਇਸ ਉਤੇ ਹੁਣ ਫਟਾਫਟ ਅਮਲ ਹੋ ਜਾਵੇਗਾ।

ਪਰ ਜਦੋਂ ਅਰਜਨ ਸਿੰਘ ਜੀ ਨੇ ਆਪਣੀ ਗੁਥਲੀ ਖੋਲ੍ਹੀ ਤਾਂ ਉਸ ਵਿਚੋਂ ਪੰਜਾਬ ਸਮਝੌਤੇ ਦੀ ਥਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਇਕ ਟਿਕਟ ਨਿਕਲੀ ਜੋ ਉਨ੍ਹਾਂ ਨੇ ਬੜੇ ਕੈਮਰਿਆਂ ਦੀ ਚਮਕਾਰ ਵਿਚ ਰਿਲੀਜ਼ ਕੀਤੀ। ਟਿਕਟ ਉਤੇ ਜੋ ਚਿੱਤਰ ਸੰਤ ਲੌਂਗੋਵਾਲ ਦਾ ਬਣਾਇਆ ਗਿਆ ਹੈ ਉਹ ਵੀ ਉਨ੍ਹਾਂ ਦੀ ਸੂਰਤ ਨਾਲ ਮਿਲਦਾ ਜੁਲਦਾ ਨਹੀਂ ਸਗੋਂ ਇੰਜ ਲਗਦਾ ਹੈ ਜਿਵੇਂ ਸੰਤਾਂ ਦੀ ਥਾਂ ਖਾਦੀ ਬੋਰਡ ਦੇ ਨਾਗਰਾ ਸਾਹਿਬ ਦੀ ਫੋਟੋ ਛਪ ਗਈ ਹੁੰਦੀ ਹੈ।

ਬੜੇ ਸਾਲ ਹੋਏ ਲਾਲਾ ਲਾਜਪਤ ਰਾਇ ਮੈਮੋਰੀਅਲ ਕਮੇਟੀ ਨੇ ਢੁਡੀਕੇ ਵਿਖੇ ਇਕ ਬਹੁਤ ਵੱਡਾ ਸਮਾਗਮ ਕੀਤਾ; ਬੜੇ ਆਦਰ ਮਾਣ ਨਾਲ ਮਾਲਵੇ ਦੇ ਇਕ ਸੰਤ ਨੂੰ ਉਥੇ ਲਿਆਂਦਾ ਗਿਆ। ਉਸ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਮਗਰੋਂ ਬੇਨਤੀ ਕੀਤੀ ਗਈ ਕਿ ਲਾਜਪਤ ਰਾਏ ਕਾਲਜ ਦੀ ਮੱਦਦ ਕਰੋ।

ਸੰਤਾਂ ਨੇ ਖੰਘੂਰਾ ਮਾਰ ਕੇ ਐਲਾਨ ਕੀਤਾ, "ਮੇਰੀ ਬੜੀ ਇੱਛਾ ਸੀ ਕਿ ਢੁਡੀਕਿਆਂ ਦੇ ਕਾਲਜ ਨੂੰ ਸੋਨੇ ਨਾਲ ਲਿਪ ਦਿਆਂ, ਪਰ ਸਾਡੇ ਗੁਰਦੁਆਰੇ ਦੀ ਸੰਗਤ ਨੇ ਇਸ ਮਸਲੇ 'ਤੇ ਵਿਚਾਰ ਵਟਾਂਦਰਾ ਕਰ ਕੇ ਇਹ ਨਿਰਣਾ ਕੀਤਾ ਹੈ ਕਿ ਇਸ ਕਾਲਜ ਦੀ ਉਸਾਰੀ ਲਈ ਦਸ ਹਜ਼ਾਰ ਇੱਟਾਂ ਬਖਸ਼ੀਆਂ ਜਾਣ।

ਜਲਸੇ ਵਿਚ ਵੀ ਦਸ ਹਜ਼ਾਰ ਦੇ ਲਗਭਗ ਹਾਜ਼ਰੀ ਸੀ। ਹਰ ਆਦਮੀ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਇਕ ਇਕ ਇੱਟ ਉਨ੍ਹਾਂ ਦੇ ਸਿਰ ਵਿਚ ਆ ਲੱਗੀ ਹੋਵੇ। ਲੌਂਗੋਵਾਲ ਦੀ ਸ਼ਹੀਦੀ ਉਤੇ ਲੱਖਾਂ ਦੇ ਇਕੱਠ ਵਿਚ ਏਡਾ ਪਹਾੜ ਖੋਦਣ ਪਿਛੋਂ ਏਡੀ ਛੋਟੀ ਚੂਹੀ ਦਾ ਨਿਕਲਣਾ ਇਕ ਹੋਰ ਮਜ਼ਾਕ ਹੈ ਜਿਸ ਨੂੰ ਬਰਦਾਸ਼ਤ ਕਰਨਾ ਕੁਝ ਔਖਾ ਦਿਸਦਾ ਹੈ।

—ਚਾਚਾ ਚੰਡੀਗੜ੍ਹੀਆ

'ਓਏ ਕਿਧਰੇ ਨਹੀਂ ਲਗਦੀ ਹਵਾ ਠੰਡੀ ਪੰਜਾਬ ਵਾਲੀ।
ਕਿਧਰੋਂ ਦਾ ਪਾਣੀ ਮੈਨੂੰ ਨਾ ਇਹੋ ਜਿਹਾ ਮਿੱਠਾ ਤੇ ਮਾਫ਼ਕ।'


Hans Appliances

ਅਸੀਂ ਫਰਿਜ਼, ਸਟੋਵ, ਡਰਾਇਰ, ਵਾਸ਼ਰ, ਮਾਈਕਰੋਵੇਵ ਤੇ ਹੋਰ ਘਰੇਲੂ ਐਪਲਾਈਂਸਜ਼ ਦੀ ਮੁਰੰਮਤ ਕਰਦੇ ਹਾਂ।


We also buy/sell old & new appliances


Reasonable Rates

Phone 585-0782

Star Drywall Construction Co. Ltd.

- Complete Drywall Service
- Guaranteed Work
- Free Estimates

Sahib or Nake

Ph. (604) 589-4830

P.O.BOX 639
SURREY, B.C. V3T 5L9

Large Selection of Punjabi Books For Sale

SARI PALACE

Airline Tickets to Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੌਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ। ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991

# 'ਕੈਨੇਡਾ ਦਰਪਣ' ਫੋਨ (604) 581-4473


VANCOUVER

## Bridal International & Wedding Centre

FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP

Contact : Sukhdev S. Saini **Ph. (604) 435-2421**

Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



- WEDDING ACCESSORIES ■ WEDDING CAKES
- WEDDING INIVITATIONS ■ CAKE ORNAMENTS
- CAR DECORATIONS ■ WEDDING FLOWERS
- GIFTS AND ALLIED ITEMS, etc.





LADIES TAILOR FOR PUNJABI SUITS, SARI BLOUSES & DRESSES

*Limousine Service* [Daily or Hourly]

**3333 KINGSWAY AT JOYCE, VANCOUVER, B.C.**



## I CAN HELP

I'm an Investors professional financial planner. It's my job to help you create and follow a personal financial plan.

I can help with :

- **Investment Funds**
- **Guaranteed Investment Certificates**
- **Registeres Retirement Savings Plans**
- **Estate Planning**
- **Life and Disability Insurance**
- **Annuities**



## ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

**Hardial Sidhu (Dale)**
**Tel: Bus. 682-5431**

*Investors* SYNDICATE LIMITED
MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

**ਹਰਦਿਆਲ ਸਿੱਧੂ (ਡੇਲ)**
**Res: 591-2697**



KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM

● ਖੁਸ਼ਖਬਰੀ ● ● ਖੁਸ਼ਖਬਰੀ ● ● ਖੁਸ਼ਖਬਰੀ ●

## GABA TRAVELS (1982) LTD.

6612 MAIN ST., VANCOUVER, B.C. V5X 3H2

**Tel. (604) 324-3336**

IATA




ATAC

**AUTHORIZED AGENTS FOR AIR INDIA**
*AND NOW WE ARE APPOINTED BY*

# K.L.M.

(ROYAL DUTCH AIRLINE)

**SPECIAL FARE TO: Delhi, Karachi, Colombo, Singapore, London, Amsterdam**

ਦਿੱਲੀ, ਕਰਾਚੀ, ਕੋਲੰਕੋ, ਸਿੰਘਾਪੁਰ, ਲੰਡਨ ਤੇ Amsterdam ਲਈ ਖਾਸ ਕਿਰਾਏ

**ASSOCIATED OFFICES IN INDIA:**

GABA TRAVELS
(OPPOSIT FRIENDS THEATRE)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 49

GABA TRAVELS
NEW DELHI

KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM KLM

# ਚਲੰਤ ਮਾਮਲੇ

ਗੁਰਨਾਮ ਸਿੰਘ ਸੰਘੇੜਾ

## ਸਾਰੇ ਵੈਨਕੂਵਰ ਵਿਚ ਪਰਿਵਾਰਾਂ ਲਈ ਸੁਈਟਾਂ ਲਈ ਸਿਫਾਰਸ਼

**ਪਿਛੋਕੜ :— ਮੰਤਵ** — ਵੈਨਕੂਵਰ ਵਿਚ ਸੈਕੰਡਰੀ ਤੇ ਬੇਸਮੈਂਟ ਸੁਈਟਾਂ ਬਾਰੇ ਪਿਛਲੇ ਇਕ ਸਾਲ ਤੋਂ ਕਾਫੀ ਰੌਲਾ ਪੈ ਰਿਹਾ ਹੈ ਜਿਸ ਵਿਚ ਮੁੱਠੀਭਰ ਨਸਲਵਾਦੀ ਘਰਾਂ ਦੇ ਵੱਡੇ ਸਾਈਜ਼ ਤੋਂ ਲੈ ਕੇ ਪਰਿਵਾਰਾਂ ਦੇ ਰਹਿਣ ਤੱਕ ਸਿਟੀ ਕੌਂਸਲ ਪਾਸ ਸ਼ਿਕਾਇਤਾਂ ਕਰ ਰਹੇ ਹਨ। ਜੁਆਇਸ ਏਰੀਏ ਵਿਚ ਇਸ ਸੰਬੰਧੀ ਪਾਈਲਟ ਸਰਵੇ ਤੇ ਕਮੇਟੀ ਬਣੀ। ਇਸ ਮਸਲੇ ਨੂੰ ਸ਼ਹਿਰੀ ਕੌਂਸਲ ਦੀ ਆਪਣੀ ਸਿਆਸਤ ਨੇ ਹੋਰ ਗੰਧਲਾ ਕੀਤਾ। ਇਥੋਂ ਤੱਕ ਕਿ ਪਰਿਵਾਰਾਂ ਦੇ ਇਕੱਠੇ ਰਹਿਣ ਤੇ ਸੱਟ ਵੱਜਣ ਵਾਲੀ ਹੋ ਗਈ। ਕਿਉਂਕਿ ਵੈਨਕੂਵਰ ਵਿਚ ਮਾਂ-ਬਾਪ, ਬੱਚਿਆਂ ਤੇ ਸੌਹਰੇ ਸੱਸ ਲਈ ਜੁਦੇ ਸੁਈਟ ਗੈਰ ਕਾਨੂੰਨੀ ਹੈ — ਉਸ ਦੀ ਮਨਜ਼ੂਰੀ ਜ਼ਰੂਰੀ ਹੈ ਤੇ ਇਸ ਤਰ੍ਹਾਂ ਦੇ ਮਨਜ਼ੂਰਸ਼ੁਦਾ ਕੋਈ ਤਿੰਨ ਸੌ ਸੁਈਟ ਦੱਸੇ ਜਾਂਦੇ ਹਨ। ਬਾਕੀ ਦੇ ਕੋਈ ਤੀਹ ਹਜ਼ਾਰ ਸੁਈਟਾਂ ਜਿਹਨਾਂ ਦੀ ਲੋਕਾਂ ਨੂੰ ਅਤਿ ਲੋੜ ਹੈ, ਨੂੰ ਗੈਰ-ਕਾਨੂੰਨੀ ਦੱਸਿਆ ਜਾਂਦਾ ਹੈ। ਸਿਟੀ ਵਲੋਂ ਇਹਨਾਂ ਸੁਈਟਾਂ ਨੂੰ ਬੰਦ ਕਰਾਉਣ ਦੇ ਨਾਮ ਉਪਰ ਅੱਠ ਨੁਕਾਤੀ ਪਰੋਗਰਾਮ ਘੜਿਆ ਗਿਆ। ਸੋ ਇਸ ਸਮੇਂ ਈਸਟ ਵਰਕਰਜ਼ ਐਸੋ: ਨੇ ਹੋਰ ਲੋਕਾਂ ਤੇ ਇਟਾਲੀਅਨ, ਪੁਰਤਗਾਲੀ, ਚੀਨਿਆਂ, ਵਿਦਿਆਰਥੀਆਂ, ਕਿਰਾਏਦਾਰ ਐਸੋਸੀਏਸ਼ਨ ਸਨ ਸੈਟ ਦੀ ਭਾਰਤੀ ਬਜ਼ੁਰਗਾਂ ਦੀ ਸਭ ਤੋਂ ਵੱਡੀ ਜਥੇਬੰਦੀ ਆਦਿ ਨੂੰ ਨਾਲ ਲੈ ਕੇ ਵੱਡੇ ਤੇ ਸਫਲ ਪਬਲਿਕ ਜਲਸੇ ਕੀਤੇ। ਅਤੇ ਵਰਕਰਜ਼ ਐਸੋ: ਨੇ ਕੌਂਸਲ ਨੂੰ ਲਗਾਤਾਰ ਲੌਬੀ ਕੀਤਾ ਤੇ ਸਾਰੀ ਸਮੱਸਿਆ ਸਮਝਾਈ। ਜੁਆਇਸ ਪਾਈਲਟ ਸਕੀਮ ਵਿਚ ਭੀ ਅਸੀਂ ਹਿੱਸਾ ਲਿਆ ਤੇ ਆਪਣੇ ਪੱਖ ਤੇ ਖੜੇ ਰਹਿ ਕੇ ਉਸ ਨੂੰ ਭੀ ਪਰਿਵਾਰਕ ਸੁਈਟਾਂ ਲਈ ਮੰਨਣ ਅਤੇ ਕਿਰਾਏ ਲਈ ਸੁਈਟਾਂ ਵਾਰੇ ਲੋਕ ਰਾਏ ਸਰਵੇ ਲਈ ਮਜ਼ਬੂਰ ਕੀਤਾ। ਸੋ ਉਸ ਕਮੇਟੀ ਨੇ ਬੁਨਿਆਦੀ ਤੌਰ ਤੇ ਬੇਸਮੈਂਟ ਸੁਈਟਾਂ ਤਾਂ ਮੰਨ ਲਈਆਂ ਅਤੇ ਸਰਵੇ ਵਿਚ ਜੁਆਇਸ ਏਰੀਏ ਦੇ ਲੋਕਾਂ ਨੇ ਬਹੁ-ਸੰਮਤੀ ਵਿਚ ਕਿਰਾਏ ਲਈ ਸੁਈਟਾਂ ਦੇ ਹੱਕ ਵਿਚ ਫਤਵਾ ਦਿੱਤਾ। ਹੁਣ ਉਸ ਇਲਾਕੇ ਵਿਚ ਪਬਲਿਕ ਸੁਣਵਾਈ ਹੋ ਕੇ ਕਿਰਾਏ ਲਈ ਸੁਈਟਾਂ ਵਾਰੇ ਗੱਲ ਹੋਵੇਗੀ।

**ਹਾਊਜ਼ਿੰਗ ਕਮੇਟੀ ਅਤੇ ਸਿਟੀ ਸਿਫਾਰਸ਼ :—** ਪਰਿਵਾਰਾਂ ਲਈ ਬੇਸਮੈਂਟ ਸੁਈਟਾਂ ਦੇ ਕਈ ਪੱਖਾਂ ਤੇ ਮਾਸਿਕ 'ਲੋਕਤਾ' ਅਤੇ ਹਫਤਾਵਾਰ 'ਕੈਨੇਡਾ ਦਰਪਣ' ਵਿਚ ਮੇਰੇ ਲੇਖ ਤੇ ਜਾਣਕਾਰੀ ਆ ਚੁੱਕੀ ਹੈ। ਹੁਣ ਜੋ ਪਹਿਲੀ ਅਕਤੂਬਰ 1987 ਨੂੰ ਸਿਟੀ ਕੌਂਸਲ ਦੀ ਹਾਊਜ਼ਿੰਗ ਕਮੇਟੀ ਵਿਚ ਸਿਟੀ ਦੇ ਸਾਰੇ ਉਚ ਅਧਿਕਾਰੀਆਂ (ਮੈਨੇਜਰ, ਕਾਨੂੰਨੀ ਮਹਿਕਮਾ, ਪਰਮਿਟਾਂ ਤੇ ਲਾਸੰਸ, ਪਲੈਨਿੰਗ ਆਦਿ) ਨੇ ਪਰਿਵਾਰਾਂ ਲਈ ਸੁਈਟਾਂ ਦੀ ਮਨਜ਼ੂਰੀ ਦੇਣ ਦੀ ਸਿਫਾਰਸ਼ ਕੀਤੀ ਹੈ ਜਿਸ ਨੂੰ ਹਾਊਜ਼ਿੰਗ ਕਮੇਟੀ ਨੇ ਮਨਜ਼ੂਰ ਕਰਨ ਵਲ ਕਦਮ ਚੁਕਿਆ ਹੈ ਕਿ ਜੇਕਰ ਸ਼ਹਿਰ ਦੇ ਚਾਰਟਰ ਦੇ ਅਧੀਨ ਇਹ ਹੋ ਸਕਦੇ ਹਨ ਤੇ ਮਨਜ਼ੂਰ ਕੀਤੇ ਜਾਣ ਲਈ ਪੂਰੀ ਕੌਂਸਲ ਵਿਚ ਗੱਲ ਜਾਵੇਗੀ। ਹੁਣ ਸ਼ਹਿਰ ਅਧਿਕਾਰੀ ਸਾਰੀ ਕੌਂਸਲ ਨੂੰ ਸ਼ਹਿਰ ਦੇ ਚਾਰਟਰ ਬਾਰੇ ਵਿਸਥਾਰ ਨਾਲ ਇਕ ਸੈਮੀਨਾਰ ਵਿਚ ਦਸਣਗੇ ਅਤੇ ਫਿਰ ਇਹ ਗੱਲ ਪੂਰੀ ਕੌਂਸਲ ਵਿਚ ਜਾਵੇਗੀ। ਇਸ ਵਿਚਕਾਰਲੇ ਪੜਾਅ ਦੀ ਇਸ ਕਰਕੇ ਲੋੜ ਪਈ ਕਿ ਨੌਰਥ ਵੈਨਕੂਵਰ ਡਿਸਟਰੇਕਟ ਨੇ ਪਰਿਵਾਰਾਂ ਲਈ ਸੁਈਟਾਂ ਕਾਨੂੰਨੀ ਕਰ ਦਿੱਤੀਆਂ ਪਰ ਬੀ ਸੀ ਦੀ ਸੁਪਰੀਮ ਕੋਰਟ ਨੇ ਇਹ ਆਖ ਕੇ ਰੱਦ ਕਰ ਦਿੱਤਾ ਕਿ ਨਾਗਰਿਕਾਂ ਵਿਚ ਰਿਸ਼ਤਿਆਂ ਦੇ ਨਾਮ ਉਪਰ ਵਿਤਕਰਾ ਨਹੀਂ ਕੀਤਾ ਜਾ ਸਕਦਾ। ਵੈਨਕੂਵਰ ਦੇ ਅਧਿਕਾਰੀ ਇਹ ਆਖਦੇ ਹਨ ਕਿ ਨੌਰਥ ਵੈਨਕੂਵਰ ਡਿਸਟਰਿਕਟ ਵਿਚ ਇਸ ਕਰਕੇ ਰੱਦ ਹੋ ਗਈਆਂ ਕਿਉਂਕਿ ਉਸ ਪਾਸ ਵੈਨਕੂਵਰ ਸ਼ਹਿਰ ਵਰਗਾ ਚਾਰਟਰ ਨਹੀਂ ਹੈ ਜਦੋਂ ਕਿ ਵੈਨਕੂਵਰ ਪਾਸ ਜੋ ਹੱਕ ਹਨ ਉਸ ਅਧੀਨ ਪਰਿਵਾਰ ਲਈ ਸੁਈਟਾਂ ਕਾਨੂੰਨੀ ਕਰ ਸਕਦੇ ਹਨ।

ਵੈਨਕੂਵਰ ਵਿਚ ਪਰਿਵਾਰਕ ਸੁਈਟਾਂ ਦੀ ਇਹ ਰੀਪੋਰਟ "ਪਰਿਵਾਰ" ਦੀ ਪਰਿਭਾਸ਼ਾ (ਡੇਫੀਨੇਸ਼ਨ) ਦਸਦੀ ਹੈ ਜਿਸ ਵਿਚ ਅਜੋਕੇ ਹਾਲਾਤ ਨੂੰ ਮੱਦੇ ਨਜ਼ਰ ਰੱਖ ਕੇ ਸਿਫਾਰਸ਼ ਕਰਨ ਦੀ ਦਲੀਲ ਦਿੱਤੀ ਗਈ ਹੈ। ਫਿਰ ਇਸ ਰੀਪੋਰਟ ਵਿਚ ਇਹ ਕਿ ਜਦ ਪਰਿਵਾਰਿਕ ਸੁਈਟਾਂ ਨੂੰ ਕਾਨੂੰਨੀ ਕਰਨਾ ਹੈ ਤਾਂ ਫਿਰ ਉਹ ਕਿਰਾਏ ਤੇ ਨਹੀਂ ਦਿੱਤੀਆਂ ਜਾ ਸਕਦੀਆਂ ਅਤੇ ਕਿਰਾਏ ਤੇ ਦੇਣ ਤੋਂ ਰੋਕਣ ਲਈ ਕੁਝ ਸ਼ਰਤਾਂ ਹਨ। ਇਸ ਰੀਪੋਰਟ ਉਪਰ ਅਤੇ ਜੁਆਇਸ ਏਰੀਏ ਦੀ ਰੀਪੋਰਟ ਸੰਬੰਧੀ ਰਾਏ ਦੇਣ ਤੇ ਟਿਪਣੀ ਕਰਨ ਲਈ ਮੈਂ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਗਿਆ ਅਤੇ ਕਿਰਾਏਦਾਰ ਐਸੋ: ਤੇ ਦੋ ਹੋਰ ਗੋਰਿਆਂ ਦੀਆਂ ਜਥੇਬੰਦੀਆਂ ਵਲੋਂ ਗਏ ਹੋਏ ਸਨ। ਮੈਂ ਹਾਊਜ਼ਿੰਗ ਕਮੇਟੀ ਤੇ ਸ਼ਹਿਰੀ ਅਧਿਕਾਰੀਆਂ ਦੀ ਇਸ ਮੀਟਿੰਗ ਵਿਚ ਰੀਪੋਰਟ ਸੰਬੰਧੀ ਜੋ ਟਿਪਣੀ ਕੀਤੀ, ਹੋਰ ਸਫਾਈ ਮੰਗੀ ਅਤੇ ਜੋ ਦਲੀਲ ਦਿੱਤੀ ਉਹ ਅੱਗੇ ਜਾ ਕੇ ਲਿਖਦਾ ਹਾਂ। ਪਹਿਲਾਂ ਪਰਿਵਾਰ ਪਰਿਭਾਸ਼ਾ ਅਤੇ ਪਰਿਵਾਰਕ ਸੁਈਟਾਂ ਨੂੰ ਲਾਗੂ ਕਰਨ ਲਈ ਨਿਯਮਾਂ (ਜੋ ਇਸ ਰੀਪੋਰਟ ਵਿਚ ਹਨ) ਵਾਰੇ ਸੰਖੇਪ ਵਿਚ ਦੱਸਦਾ ਹਾਂ।

**ਵਿਆਖਿਆ ਤੇ ਮੰਤਵ :—** ਸ਼ਹਿਰ ਅਧਿਕਾਰੀਆਂ ਨੇ ਪਰਿਵਾਰਾਂ ਲਈ ਬੇਸਮੈਂਟ ਜਾਂ ਸੈਕੰਡਰੀ ਸੁਈਟਾਂ ਸਾਰੇ ਸ਼ਹਿਰ ਵਿਚ ਕਾਨੂੰਨੀ ਕਰਨ ਲਈ ਸਿਫਾਰਸ਼ ਕੀਤੀ ਹੈ ਜਿਸ ਨਾਲ ਹਾਊਜ਼ਿੰਗ ਕਮੇਟੀ (ਕੌਂਸਲ ਦੀ) ਸਹਿਮਤ ਹੈ। ਸਹਿਰ ਦੇ ਲੀਗਲ ਸਰਵਸਿਜ਼ ਦੇ ਡਾਇਰੈਕਟਰ ਨੇ ਆਖਿਆ ਹੈ ਕਿ ਜੇਕਰ ਇਕ ਪਰਿਵਾਰ ਵਾਲੇ ਜ਼ੋਨ ਦੀ ਸੂਚੀ ਨੂੰ ਸੋਧ ਕੇ ਪਰਿਵਾਰ ਲਈ ਸੁਈਟਾਂ ਨੂੰ ਕਾਨੂੰਨੀ ਕਰਨਾ ਹੈ ਤਾਂ ਸਿਟੀ ਦੇ ਚਾਰਟਰ ਨੂੰ ਭੀ ਸੋਧਿਆ ਜਾਵੇ ਤਾਂ ਕਿ ਉਹ ਕਾਨੂੰਨੀ ਹੋ ਸਕਣ ਅਤੇ ਫਿਰ ਉਹਨਾਂ ਦੀ ਗੈਰ-ਕਾਨੂੰਨੀ ਵਰਤੋਂ ਨੂੰ ਰੋਕਿਆ ਜਾ ਸਕੇ। ਉਸ ਨੇ ਇਹ ਭੀ ਸਿਫਾਰਸ਼ ਕੀਤੀ ਹੈ ਕਿ ਜੇਕਰ ਪਰਿਵਾਰ ਸੁਈਟ ਦੀ ਇਜ਼ਾਜਤ ਦਿੰਦੇ ਹਾਂ ਤਾਂ ਇਹ ਬੰਦਸ਼ ਲਾਈ ਜਾਵੇ ਕਿ ਘਰ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਭਾਵ ਸਟਰੈਟਾ ਟਾਈਟਲ ਕਰ ਕੇ ਦੋ ਜੁਦੇ ਜੁਦੇ ਬੰਦਿਆਂ ਨੂੰ ਨਾ ਵੇਚ ਸਕਣ ਅਤੇ ਨਾ ਕਿਰਾਏ ਤੇ ਚੜ੍ਹਾ ਸਕਣ। ਉਸ ਨੇ ਦੱਸਿਆ ਹੈ ਕਿ ਪੁਰਾਣੇ ਘਰਾਂ ਨੂੰ ਰੋਕਣ ਦਾ ਹੱਕ ਸ਼ਹਿਰ ਪਾਸ ਹੈ ਪਰ ਜੇ ਨਵੇਂ ਬਣਨ ਵਾਲੇ ਘਰਾਂ ਵਿਚ ਪਰਿਵਾਰ ਸੁਈਟ ਦੀ ਖੁੱਲ੍ਹ ਦਿੱਤੀ ਤਾਂ ਨਵੇਂ ਬਣ ਰਹੇ ਘਰ ਨੂੰ ਸਟਰੈਟਾ ਟਾਈਟਲ ਕਰਨ ਤੋਂ ਸ਼ਾਇਦ ਸ਼ਹਿਰ ਅਸਮਰਥ ਹੋਵੇ ਜਿਸ ਲਈ ਸੂਬਾਈ ਕੰਡੋਮੀਨੀਅਮ ਅੇਕਟ ਵਿਚ ਅਤੇ ਸਿਟੀ ਦੇ ਚਾਰਟਰ ਵਿਚ ਸੋਧਾਂ ਕਰਕੇ ਨਵੇਂ ਘਰ ਵਿਚ (ਪਰਿਵਾਰ ਸੁਈਟ ਲਈ ਇਜਾਜ਼ਤ ਵਾਲੇ ਵਿਚ) ਸੁਈਟ ਬਣਾ ਕੇ ਸਟਰੈਟਾ ਟਾਈਟਲ ਕਰਨ ਤੋਂ ਰੋਕਿਆ ਜਾਵੇਗਾ।

**ਵਿਆਖਿਆ** — ਪਰਿਵਾਰ ਦੀ ਪਰਿਭਾਸ਼ਾ ਵਿਚ ਬਦਲੀ ਕੀਤੀ ਹੈ। ਆਖਿਆ ਗਿਆ ਹੈ ਕਿ ਇਹ ਵਿਆਖਿਆ ਪੁਰਾਣੀ ਹੈ ਅਤੇ ਹੁਣ ਕਈ ਜੋੜੇ ਤਾਂ ਬਿਨਾਂ ਕਾਨੂੰਨੀ ਵਿਆਹ ਤੋਂ ਇਕੱਠੇ ਰਹਿੰਦੇ ਹਨ ਅਤੇ ਕਈ ਜੋੜੇ ਇਕੋ ਲਿੰਗ ਦੇ ਇਕੱਠੇ ਰਹਿੰਦੇ ਹਨ। ਨਾਲ ਹੀ ਹੁਣ ਹੋਰ ਘੱਟ ਗਿਣਤੀ ਤੇ ਬਹੁਸਭਿਆਚਾਰਕ ਲੋਕ ਆਏ ਹਨ ਜਿਹਨਾਂ ਦਾ ਪਰਿਵਾਰ ਦਾ ਰਹਿਣਾ ਤੇ ਸੰਕਲਪ ਵਖਰਾ ਹੈ। ਅਤੇ ਪਹਿਲੀ ਵਿਆਖਿਆ ਵਿਚ ਤਾਂ ਮਤਬੰਨਾ ਬਣਾਇਆ ਬੱਚਾ ਭੀ ਕਾਨੂੰਨੀ ਨਹੀਂ ਸੀ ਸਮਝਿਆ ਜਾਂਦਾ। ਸੋ ਰੀਪੋਰਟ ਆਖਦੀ ਹੈ ਕਿ ਹੁਣ ਨਵੇਂ ਹਾਲਾਤ ਨੂੰ ਸਾਹਮਣੇ ਰੱਖਦੇ ਹੋਏ ਸਮੇਂ ਦੇ ਅਨੁਸਾਰ ਨਵੀਂ ਵਿਆਖਿਆ ਕੀਤੀ ਜਾਵੇ :—

(ੳ) "ਖੂਨ, ਵਿਆਹ ਜਾਂ ਕਾਨੂੰਨੀ ਮਤਬੰਨੇ ਨਾਲ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦਾ ਆਪਸੀ ਰਿਸ਼ਤਾ ਜਾਂ (ਅ) ਤਿੰਨ ਅਣ-ਸੰਬੰਧਤ ਵਿਅਕਤੀ ਇਸ ਵਿਆਖਿਆ ਦੇ ਮੰਤਵ ਲਈ (1) ਦੋ ਵਿਅਕਤੀ ਜੋ ਬਿਨਾ ਕਾਨੂੰਨੀ ਵਿਆਹ ਤੋਂ (ਕੌਮਨ ਲਾਅ) ਇਕੱਠੇ ਰਹਿੰਦੇ ਹਨ, ਉਹਨਾਂ ਨੂੰ ਵਿਆਹੁਤਾ ਮੰਨਿਆ ਜਾਵੇਗਾ ਅਤੇ (2) ਅਣਵਿਆਹੇ (ਕੌਮਨ ਲਾਅ) ਜੋੜੇ ਦੇ ਖੂਨੀ ਰਿਸ਼ਤੇਦਾਰਾਂ ਨੂੰ ਦੋਹਾਂ ਵਿਅਕਤੀਆਂ ਦੇ ਅਤੇ ਇਕ ਦੂਜੇ ਦੇ ਰਿਸ਼ਤੇਦਾਰ ਸਮਝਿਆ ਜਾਵੇਗਾ ਵੈਸੇ ਅੱਗੇ ਜਾ ਕੇ ਇਸ ਦਾ ਕਾਫੀ ਵਿਸਥਾਰ ਦਿਤਾ ਹੋਇਆ ਹੈ।

ਘਰ ਦੀ ਭੀ ਵਿਆਖਿਆ ਕੀਤੀ ਗਈ ਹੈ ਕਿ ਘਰ ਦੇ ਮਾਲਕ ਉਸ ਉਪਰ ਨਿਰਭਰ ਵਿਅਕਤੀ ਅਤੇ ਦੋ ਲੌਜਰ (ਕਿਰਾਏਦਾਰ — ਪਰ ਜੁਦੇ ਸੁਈਟ ਵਿਚ ਨਹੀਂ — ਸਿਰਫ ਘਰ ਵਾਲੇ ਦੇ ਨਾਲ ਇਕ ਹੀ ਕਿਚਨ ਵਰਤਣ ਲਈ) ਜਾਂ ਪੰਜ ਫੌਸਟ ਬੱਚੇ ਜਾਂ ਡੇਅ ਕੇਅਰ ਬੱਚੇ ਆਦਿ ਜੋ ਪਰਿਵਾਰ ਦੇ ਤੌਰ ਤੇ ਇਕੱਠੇ ਰਹਿੰਦੇ ਹਨ, ਉਹ ਇਕ ਪਰਿਵਾਰ ਦਾ ਇਕ ਰਿਹਾਇਸ਼ੀ ਯੂਨਿਟ ਹੋਵੇਗਾ।

**ਪਰਿਵਾਰ ਸੁਈਟ** — ਰੀਪੋਰਟ ਦਸਦੀ ਹੈ ਕਿ ਸ਼ਹਿਰ ਦੇ ਇਕ ਪਰਿਵਾਰ ਵਾਲੇ ਜ਼ੋਨ ਵਿਚ ਕੋਈ ਪੰਜ ਫੀ ਸਦੀ ਤੋਂ ਪੰਦਰਾਂ ਫੀ ਸਦੀ ਤੱਕ (ਭਾਵ 1300 ਤੋਂ 3900 ਯੂਨਿਟ) ਉਹ ਸੁਈਟਾਂ ਹਨ ਜੋ ਗੈਰ-ਕਾਨੂੰਨੀ ਪਰਿਵਾਰਕ ਸੁਈਟਾਂ ਹਨ। ਦੱਸਿਆ ਗਿਆ ਹੈ ਕਿ ਜ਼ਿਆਦਾ ਸ਼ਿਕਾਇਤਾਂ ਪਰਿਵਾਰ ਵਾਲੀ ਸੁਈਟਾਂ ਲਈ ਨਹੀਂ ਬਲਕਿ ਕਿਰਾਏ ਵਾਲੀਆਂ ਸੁਈਟਾਂ ਵਿਰੁਧ ਆਈਆਂ ਰੀਪੋਰਟਾਂ ਪਰਿਵਾਰਕ ਸੁਈਟਾਂ ਦੇ ਲਾਭ ਭੀ ਦਸਦੀ ਹੈ ਕਿ ਇਹ ਕਿਵੇਂ ਲਾਹੇਵੰਦ ਹੈ। ਸਿਫਾਰਸ਼ਾਂ ਹਨ ਕਿ ਘਰ ਵਿਚ ਇਕ ਪਰਿਵਾਰਕ ਸੁਈਟ ਦੀ ਇਜਾਜ਼ਤ ਹੋਵੇ ਅਤੇ ਜੇ ਘਰ ਵਿਕ ਜਾਏ ਤਾਂ ਨਵਾਂ ਬੰਦਾ ਸਾਬਤ ਕਰੇ ਕਿ ਇਹ ਸਿਰਫ ਪਰਿਵਾਰਕ ਵਿਅਕਤੀਆਂ ਲਈ ਹੈ। ਪਰਿਵਾਰ ਵਾਲੇ ਸੁਈਟ ਸਿਰਫ ਪਰਿਵਾਰ ਦੇ ਮੈਂਬਰਾਂ ਲਈ ਹੋਣਗੇ, ਕਿਰਾਏ ਲਈ ਨਹੀਂ। ਭਾਵ ਇਸ ਵਿਚ ਬਾਬਾ ਦਾਦੀ ਤੋਂ ਲੈ ਕੇ ਪੋਤੇ ਪੋਤਰੀਆਂ ਤੱਕ (ਘਰ ਦੇ ਮਾਲਕ-ਪਤੀ ਤੇ ਪਤਨੀ ਦੋਹਾਂ ਦੇ) ਨੂੰ ਬੇਸਮੈਂਟ ਜਾਂ ਸੈਕੰਡਰੀ ਸੁਈਟ ਵਿਚ ਰਹਿਣ ਦੀ ਕਾਨੂੰਨੀ ਇਜਾਜ਼ਤ ਦੇਣ ਲਈ ਆਖਿਆ ਹੈ (ਭਾਵ ਇਹਨਾਂ ਰਿਸ਼ਤਿਆਂ ਲਈ ਬੇਸਮੈਂਟ ਜਾਂ ਸੈਕੰਡਰੀ ਸੁਈਟ ਸਾਰੇ ਸ਼ਹਿਰ ਵਿਚ ਕਾਨੂੰਨੀ ਕੀਤੇ ਜਾਣ। ਪਰਮਿਟ ਤੇ ਲਾਸੰਸ ਦੇ ਡਾਇਰੈਕਟਰ ਨੇ ਇਹ ਭੀ ਸਿਫਾਰਸ਼ ਕੀਤੀ ਹੈ ਕਿ ਬੇਸਮੈਂਟ ਸੁਈਟ ਵਿਚ ਬੋਰਡਰ ਜਾਂ ਲੌਜਰ (ਭਾਵ ਵਿਦਿਆਰਥੀ, ਕੋਈ ਲੋੜਵੰਦ ਜਾਂ ਹੋਰ) ਨੂੰ ਰਹਿਣ ਦੀ ਇਜਾਜ਼ਤ ਨਹੀਂ ਹੋਵੇਗੀ ਭਾਵੇਂ ਕਿ ਜੇ ਥਾਂ ਹੋਵੇ ਤਾਂ ਮਾਲਕ ਨਾਲ ਕਿਸ ਕਮਰੇ ਵਿਚ, ਉਸ ਦੀ ਕਿਚਨ ਵਰਤ ਕੇ ਰਹਿ ਸਕਦੇ ਹਨ। ਪਰ ਬੇਸਮੈਂਟ ਜਾਂ ਸੈਕੰਡਰੀ ਸੁਈਟ ਪਰਿਵਾਰ ਮੈਂਬਰਾਂ ਲਈ ਹੀ ਹੋਵੇਗੀ। ਘਰ ਵਿਚ ਮੈਡੀਕਲ ਜਾਂ ਬੱਚੇ ਦੀ ਦੇਖ ਭਾਲ ਕਰਨ ਵਾਲੇ ਨੂੰ ਪਰਿਵਾਰ ਸੁਈਟ ਵਿਚ ਰੱਖਿਆ ਜਾ ਸਕਦਾ ਹੈ ਪਰ ਇਸ ਲਈ ਠੋਸ ਸਬੂਤ ਦੇਣਾ ਪਵੇਗਾ ਕਿ ਇਹ ਕਿਸ ਦੀ ਦੇਖ ਭਾਲ ਲਈ ਤੇ ਕੀ ਬੀਮਾਰੀ ਜਾਂ ਬੱਚੇ ਲਈ ਤੇ ਕੀ ਹੋਰ ਕੋਈ ਰਾਹ ਜਾਂ ਬਦਲ ਨਹੀਂ? ਮਾਲਕ ਦੇ ਨਿਰਭਰ ਵਿਅਕਤੀ ਭੀ ਬੇਸਮੈਂਟ ਜਾਂ ਸੈਕੰਡਰੀ ਸੁਈਟ ਵਿਚ ਰਹਿ ਸਕਦੇ ਹਨ ਪਰ ਇਸ ਵਿਚ ਉਹ ਹੀ ਨਿਰਭਰ ਵਿਅਕਤੀ ਗਿਣੇ ਜਾਣਗੇ ਜੋ ਇਨਕਮ ਟੈਕਸ ਐਕਟ ਜਾਂ ਇਮੀਗਰੇਸ਼ਨ ਐਕਟ ਅਧੀਨ ਆਉਂਦੇ ਹਨ।

**ਫੈਮਿਲੀ ਸੁਈਟ ਸੰਬੰਧੀ ਨਿਰਮ :—** ਫੈਮਿਲੀ ਸੁਈਟ ਲਾਗੂ ਕਰਨ ਲਈ ਕੁਝ ਨਿਯਮਾਂ ਦਾ ਵੇਰਵਾ ਦਿੱਤਾ ਗਿਆ ਹੈ। ਜਦੋਂ ਇਹਨਾਂ ਸੁਈਟਾਂ ਦੀ ਕੌਂਸਲ ਵਲੋਂ ਕਾਨੂੰਨੀ ਇਜ਼ਾਜਤ ਮਿਲ ਜਾਏ ਤਾਂ (1) ਪਰਿਵਾਰਕ ਸੁਈਟ ਨੂੰ ਚਾਰ ਮਹੀਨੇ ਦੇ ਅੰਦਰ ਰਜਿਸਟਰ ਕਰਾਇਆ ਜਾਵੇ ਅਤੇ ਜੀਵਨ ਲਈ ਸੁਰੱਖਿਅਤ ਨਿਯਮਾਂ ਨੂੰ ਇਕ ਦਮ ਪੂਰਾ ਕੀਤਾ ਜਾਵੇ ਅਤੇ ਬਾਕੀ ਦੇ ਨਿਯਮਾਂ ਦੀ ਇਕ ਸਾਲ ਵਿਚ ਤਾਮੀਲ (ਮੰਨਿਆ) ਜਾਵੇ। (2) ਸੁਈਟ ਲਈ ਪਰਮਿਟ ਤੇ ਲਾਸੰਸ ਨੂੰ ਹਰ ਦੋ ਸਾਲ ਪਿਛੋਂ ਮੁੜ ਲਿਆ ਜਾਵੇ ਅਤੇ ਪਰਿਵਾਰ ਸੁਈਟ ਵਿਚ ਰਹਿਣ ਵਾਲੇ (ਦਾਦੀ ਦਾਦੀ ਤੇ ਪੋਤਾ ਪੋਤੀ) ਤਕ ਦੇ ਰਿਸ਼ਤੇ ਨੂੰ ਸਾਬਤ ਕੀਤਾ ਜਾਵੇ ਅਤੇ ਕੁਝ (ਪੰਜ ਹਜ਼ਾਰ) ਡਾਲਰ ਦਾ ਜ਼ਮਾਨਤੀ ਕਾਗਜ਼ ਹੋਵੇ। (3) ਫਿਰ ਇਜ਼ਾਜਤ ਜਾਂ ਲਾਸੰਸ ਲੈਣ ਦੇ ਤਿੰਨ ਮਹੀਨੇ ਅੰਦਰ ਕਬਜ਼ੇ ਜਾਂ ਰਹਿਣ ਦਾ ਮੁਆਇਨਾ ਅਤੇ ਪਿਛੋਂ ਭੀ ਮੁਆਇਨਾ ਕੀਤਾ ਜਾ ਸਕਦਾ ਹੈ (4) ਜੇ ਕੌਂਸਲ ਵੇਖੇ ਕਿ ਪਰਿਵਾਰ ਸੁਈਟ ਨਾਲ ਆਲੇ ਦੁਆਲੇ ਦਾ ਜੀਵਨ ਭੰਗ ਤੇ ਨੁਕਸਾਨ ਹੁੰਦਾ ਹੈ ਤਾਂ ਲਾਸੰਸ ਵਾਪਸ ਲਿਆ ਜਾ ਸਕਦਾ ਹੈ। (5) ਜੇ ਸਾਬਤ ਹੋ ਜਾਏ ਕਿ ਬੇਸਮੈਂਟ ਜਾਂ ਸੈਕੰਡਰੀ ਸੁਈਟ ਪਰਿਵਾਰ ਲਈ ਨਹੀਂ ਬਲਕਿ ਕਿਰਾਏ ਲਈ ਵਰਤਿਆ ਜਾ ਰਿਹਾ ਹੈ ਤਾਂ ਘੱਟੋ ਘੱਟ ਪੰਜ ਹਜ਼ਾਰ ਡਾਲਰ ਤੇ ਵੱਧੋ ਵੱਧ ਦਸ ਹਜ਼ਾਰ ਡਾਲਰ ਜ਼ੁਰਮਾਨਾ ਹੋ ਸਕਦਾ ਹੈ।

ਇਹਨਾਂ ਪਰਿਵਾਰਕ ਸੁਈਟਾਂ ਦਾ ਕਿਰਾਏ ਲਈ ਸੁਈਟਾਂ ਨਾਲ ਕੋਈ ਸੰਬੰਧ ਨਹੀਂ। ਜੇ ਕਿਸੇ ਇਲਾਕੇ ਨੇ ਘਰਾਂ ਵਿਚ ਕਿਰਾਏ ਲਈ ਸੁਈਟਾਂ ਦੀ ਕਾਨੂੰਨੀ ਇਜ਼ਾਜਤ ਲੈਣੀ ਹੈ ਤਾਂ ਸਿਟੀ ਕੌਂਸਲ ਨੂੰ (ਏਰੀਏ ਦੇ ਦਸਤਖਤ ਕਰਾਕੇ) ਅਰਜ਼ੀ ਦੇਵੇ ਕਿ ਜ਼ੋਨ ਬਦਲੀ ਹੋਵੇ ਤਾਂ ਫਿਰ ਕੌਂਸਲ ਲੋਕ ਸੁਣਵਾਈ ਕਰਾਕੇ ਬਹੁ ਗਿਣਤੀ ਦੀ ਗਲ ਮੰਨੇਗੀ।

**ਸਾਡੀ ਰਾਏ :—** ਸੋ ਅਸੀਂ ਇਸ ਸੰਬੰਧ ਵਿਚ ਜੋ ਘੋਲ ਚਲਾ ਰਹੇ ਹਾਂ ਉਸ ਦਾ ਪਰਿਵਾਰ ਲਈ ਸੁਈਟਾਂ ਦੀ ਕਾਨੂੰਨੀ ਮਨਜ਼ੂਰੀ ਦਾ ਕੰਮ ਨੇੜੇ ਹੋ ਗਿਆ ਜਾਪਦਾ ਹੈ ਪਰ ਅਜੇ ਭੀ ਲਗਾਤਾਰ ਦਬਾਅ ਦੀ ਲੋੜ ਹੈ। ਪਰਿਵਾਰ ਦੀ ਵਿਆਖਿਆ ਹਾਲਾਤ ਦੇ ਅਨੁਸਾਰ ਹੈ ਤੇ ਰਾਏ ਨਾਲ ਕਮੇਟੀ ਸਹਿਮਤ ਹੋਈ ਜਿਸ ਲਈ ਕਾਫੀ ਘੋਲ ਕਰਨਾ ਪਿਆ। ਇਸ ਪਹਿਲੀ ਅਕਤੂਬਰ ਦੀ ਸੁਣਵਾਈ ਵਿਚ ਅਸੀਂ ਰਾਏ ਦਿਤੀ ਕਿ ਦਾਦੇ ਦਾਦੀ ਤੋਂ ਪੋਤੇ ਪੋਤਰੀ ਤੱਕ ਰਿਸ਼ਤੇ ਸਾਬਤ ਕਰਨੇ ਔਖੇ ਹਨ ਤੇ ਹੋ ਸਕਦਾ ਤੁਹਾਡੀ ਮਰਜ਼ੀ ਦੇ ਕਾਗਜ਼ ਹੀ ਨਾਂ ਹੋਣ ਅਤੇ ਨਾਲ ਹੀ ਇਹ ਤਾਂ ਫਿਰ ਪੁਲਸ ਸਟੇਟ ਵਰਗੀ ਗੱਲ ਹੈ। ਅਤੇ ਨਾਲ ਹੀ ਜਦੋਂ ਮਰਜ਼ੀ ਹੋਵੇ ਤੁਹਾਡੇ ਅਧਿਕਾਰੀ ਜਾ ਕੇ ਸੁਈਟ ਨੂੰ ਅੰਦਰੋਂ ਵੇਖਣ ਤੁਰ ਪੈਣ — ਇਹ ਸਹਿਣ ਨਹੀਂ ਹੋਵੇਗਾ। ਤਾਂ ਕੌਂਸਲ ਦੀ ਹਾਊਜ਼ਿੰਗ ਕਮੇਟੀ ਤੇ ਸਿਟੀ ਅਧਿਕਾਰੀਆਂ ਨੇ ਯਕੀਨ ਦੁਆਇਆ ਕਿ ਇਉਂ ਨਾ ਹੁੰਦਾ ਹੈ ਅਤੇ ਨਾ ਹੀ ਹੋਵੇਗਾ। ਜੇ ਮਾਲਕ ਪਰਿਵਾਰਕ ਸੁਈਟ ਲਈ ਆਖਦਾ ਹੈ ਤਾਂ ਸਿਰਫ ਉਹ ਲਿਖ ਕੇ ਦੇ ਦੇਵੇ ਕਿ ਇਹ ਸੁਈਟ ਮੇਰੇ ਮਾਂ ਬਾਪ, ਬਾਬਾ ਦਾਦੀ ਜਾਂ ਪੁਤਰ ਆਦਿ ਲਈ ਹੈ, ਕਿਰਾਏ ਲਈ ਨਹੀਂ ਤਾਂ ਸਿਟੀ ਮੰਨੇਗੀ। ਪਰ ਜੇ ਪਿਛੋਂ ਝੂਠ ਸਾਬਤ ਹੋਵੇ ਤਾਂ ਫਿਰ ਜ਼ੁਰਮਾਨਾ। ਉਸ ਰਿਸ਼ਤੇ ਦੇ ਹਲਫੀਆ ਬਿਆਨ ਨਾਲ ਜ਼ਮਾਨਤ ਨਾਮਾ ਜੋ ਕੋਈ ਭੀ ਰਕਮ (ਜੋ ਬਦਲੀ ਜਾ ਸਕਦੀ ਹੈ — ਪੰਜ ਹਜ਼ਾਰ ਤੋਂ ਘਟਾ ਕੇ) ਹੋਵੇਗੀ। ਉਹਨਾਂ ਇਹ ਭੀ

ਬਾਕੀ ਪੰਨਾ 20 'ਤੇ


# A.M.C. Carpet Ltd.

**Unit 8 - 12950 - 80th Ave. Surrey, B.C.**

**Carpet-Vinyl-Hardwood** All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

**Phone for appointment**



AMARJIT SINGH CHAHAL

**Off. 594-6141**

**Res. 594-7595** **Pager 680-0214**

CANADA
# DARPAN
INTERNATIONAL EDITION

Joint stir against Rajiv

## Non-left Opposition to campaign

The non-left Opposition parties and groups have more or less decided to launch a joint action programme to focus attention on certain issues, while taking a stand that they have no basic differences with the leftists on the issues concerned. They have at the same time made it clear that while they would welcome the co-operation of these forces, the campaign would be launched irrespective of whether overt support was coming or not.

## Ajitabh denied permit

Ajitabh Bachchan, younger brother of film star Amitabh, has been refused a residence permit in Geneva, authorities said.

His application was refused on "moral considerations," the Geneva police chief, Mr Bernard Ziegler, said.

He said the Swiss city wanted to avoid adverse publicity.

However, Mr Ajitabh Bachchan has gone into appeal to the commission of appeal in Geneva following the refusal of his application.

Mr Bachchan in an overseas telephonic conversation told UNI in Bombay that his appeal was in keeping with the normal procedure of that government.

The commission was the final authority to decide the matter. He felt that refusal of his application on "moral consideration" by the Swiss authorities had in fact given him a chance to clarify "things" at a higher level.

Mr Bachchan said he was hopeful of a favourable decision by the commission since his application had earlier been okayed at the canton level and also because there was no "truth in any of the allegations" against him.

The commission consists of several ministers. The Swiss decision will come as an acute embarrassment to the government, particularly to the Prime Minister, Mr Rajiv Gandhi, with whom the Bachchan family has an old and close social association.

By the same token, it will gladden the hearts of the Opposition which has been clamouring in Parliament and outside for action, such as impounding of the passport, against Mr Ajitabn Bachchan. Demands have also been made for his extradition from Switzerland and his being tried under FERA on the ground that he owns a flat in Montreaux.

Besides the Bofors and German submarine deals, Mr Bachchan's property in Switzerland valued at a tidy sum of money had become a major opposition campaign point against the government.

Mr Bachchan lives in a flat in Montreaux with his family and the two chidren of his elder brother, Mr Amitabh Bachchan. He claims that this flat has been given to him by his business associates. The opposition here questions this and asserts that the flat has been bought with money transmitted from India, a crime under Indian law.

Since it is not a crime under Swiss law, it is puzzling at this stage why the Swiss authorities have drawn on the morality argument. Observers note that Swiss banks live quite comfortably with secret bank accounts of foreigners of varying descriptions from all over the world.

Ajitabh Bachchan





A family migrates in search of a job elsewhere

## Drought relief demands exceed Rs. 5,500 cr

NEW DELHI,

THE states' demand for drought relief assistance from the Centre has crossed the Rs. 5,500-crore mark. This is besides the Rs. 1,595.76 crores sought for flood relief measures. The total demand exceeds Rs. 7,170 crores.

Fifteen states and four Union territories have submitted memoranda for Central assistance for drought relief worth Rs. 5,574.81 crores. The demand for flood relief has been received from nine states.

According to the minister of state for agriculture, Mr Yogendra Makwana, though the recent rains in several states would benefit some crops the overall outlook for the kharif production had not changed appreciably. The worst affected crop was groundnut, followed by coarse cereals, other oilseeds and paddy, in that order.

The monsoon has already started withdrawing from the north-western region. But its parting gift of moderate to heavy rainfall in eastern U.P., east Madhya Pradesh, Bihar, Orissa and West Bengal is expected to benefit upland paddy. The crop yield in the lowlands, however, is likely to be low because of floods and weed infestation.

There is little perceptible change in the outlook for kharif coarse grains. While soyabean and sunflower crops have benefited from the recent rains, the position of groundnut remains unsatisfactory.

The overall soil moisture in Punjab, Haryana, Gujarat, Rajasthan and Maharashtra is deemed inadequate for large scale rabi sowing in rainfed areas. Planting of short-duration pulses is, however, going on in some states.

The comulative rainfall data shows that till September 16, only 12 of the total 35 meteorological sub-divisions had received normal or excess rains. Last year, in the corresponding period, 19 sub-divisions had received normal or excess rainfall.

The total live storage in the country's 47 major reservoirs amounted to only about 51 per cent their aggregate storage capacity.

## Destabilisation a US design: Gadgil

BANGALORE, Former Union Minister V. N. Gadgil has traced attempts at destabilisation to a grand US design. Speaking at a meeting of the activists of the Congress Socialist Forum here, Mr Gadgil described how the country has been encircled by hostile neighbours and forces, from China to Pakistan and Bangladesh and by anti-Indian forces at work in Sri Lanka and the Burmese border.

He recalled the statement of a former US Secretary of State who said that the US built a base at Diego Garcia to "have governments of our persuasion in the littoral States".

This was the result of the fear in the American psyche that India will one day become a big power in which event, the US would have to deal with yet another major power.

To counter this, the US has launched a destabilisation campaign by encirclement from outside and destabilisation from within. The arming of Pakistan is part of this, Mr Gadgil said.

The other was a campaign of disinformation and attempts to ruin the economy. The result of all this was that the country was facing a very serious, if not grave, political crisis. The opposition parties, with their hatred for the Congress and remove-Rajiv campaign, was aiding this process, Mr Gadgil charged.

When the country was facing such a grave situation, the opposition parties had time only to talk of Bofors and the one-point programme of removal of the Rajiv Gandhi Government. He castigated former Union Defence Minister V. P. Singh for attempting to reverse the economic policies of the Congress which are based on Gandhian socialism.

He recalled that it was Nehru who drafted the resolution of the Karachi Congress of 1931 which called for the establishment of a socialist society, after obtaining swaraj. One of the key factors of that programme was imposition of inheritance tax or estate duty. But, Mr Singh who now claims to be a Nehruvite socialist abolished estate duty during the centenary year of the Congress. Mr Gadgil pointed out, he also raised the limit for MRTP companies from Rs 10 crore to Rs 100 crore, though the companies themselves had sought the limit at Rs 50 crore.

## Canadian lawyer writes to Janata chief

Ujjal Singh Dosanjh, a Canadian lawyer of Indian origin, has written to the Janata Party chief, Mr Chander Shekhar, to dissuade his party member, Syed Shahabuddin, from presiding over a convention on the persecution of the minorities in India to be held in Vancouver, British Columbia

Mr Dosanjh, who has led a powerful campaign against anti-Indian elements in Vancouver and elsewhere in Canada over the past few years, said the conference which was being held on the eve of the Commonwealth Prime Ministers' Conference in Vancouver, would seriously hurt the efforts of many progressive Indians abroad to bring people of all background of Indian origin together on common issues.

"If the Janata Party is not concerned enough or able to deter individuals such as Mr Shahabuddin from making unholy politically opportunistic alliance with questionable elements who destroy our communities abroad and who are bent upon destroying the integrity of India and the unity of the Indian people, one would be led to assume that the Janata Party either does not have the courage or the discipline to ensure that its members of Parliament do not participate in activities that may be detrimental to the unity of the people of India or that the Janata Party condones such activities. I would ask that you take immediate action in this regard."

Mr Dosanjh who was attacked and seriously injured by pro "Khalistan" elements in Vancouver two years ago, said that the "organisation that is now sponsoring the convention has always directly or indirectly sided with the extremists and has hurt the cause of the unity of people of Indian origin abroad and the integrity and unity of India itself. As they are now totally isolated from the vast majority of the Indians abroad, including the Sikhs, the organisers are attempting by way of this conference to align themselves with the only source of support that they may have, i.e., the few separatist and extremist elements among the Sikhs in North America".



Hon. William Vander Zalm, Premier.

# "A New Vision for British Columbia"

*Highlights of the Premier's Commitment to British Columbians*

*"In the months ahead, as restructuring starts to work, there's going to be a new government presence in every corner of our province. Not to duplicate, not to dominate, not to dictate, but to work with local leaders to better serve our people and our regions."*

*"No initiative is more important to retaining and improving our quality of life in British Columbia than the re-structuring of government…and the re-definition of its role. Only then can we begin to sharpen the focus on our future…and to shape the kind of British Columbia we want for ourselves and our families."*

*"To be effective…to get the job done…our communities and regions need more than increased freedom and autonomy…they need tools and resources."*

*"There will be increased regional and community involvement in identifying problems…in developing solutions…and in making decisions."*

*"Government will become a catalyst that sparks creativity, drive and energy…and opens up economic opportunities for people in all corners of the province."*

*"This new drive to take government to the people …will not be confined to only economic issues… important though they are. We intend to apply the same principles to health care, education, social services, agriculture, environment, the justice system, highways and consumer services."*

*"People should not have to come to government… government has to go to the people."*

In a speech to the Annual Meeting of the Union of B.C. Municipalities on September 24th, Premier Vander Zalm outlined his new vision for British Columbia. A vision that recognizes the special value of groups and individuals in all regions of the province…their energy and ideas, their hopes and aspirations for the future.

Utilizing this rich human resource calls for a greater regional involvement in decision-making…less centralized control, with more freedom and authority at the local level. This is a cornerstone of the Premier's vision.

In the months ahead, British Columbians will begin to play a larger role in setting priorities within their own regions. They'll be aided by a plan of action that will help turn vision into positive reality…a reality that will mean increased economic activity and new opportunities for participation throughout British Columbia.

## *The plan for regional participation*

- ☐ We will establish eight development regions in British Columbia, each consisting of a grouping of regional districts. This will bring greater decision-making authority to the regional level without setting up another level of government.
- ☐ We will appoint from Cabinet a Minister of State, with Parliamentary Secretary support, for each of these development regions, with full responsibility to co-ordinate development initiatives and provincial services in their areas. They will work with local government and private sector bodies.
- ☐ We will re-deploy government resources freed up under our re-structuring program into these regions so that personnel can work directly with the private sector in new participation initiatives.
- ☐ We will allocate a sum of $1 million to each of these eight regions to assist in start-up and ongoing operational development activities.
- ☐ We will develop and implement specific, targetted incentives tailored to the unique requirements of the individual regions.

The Provincial Government has already taken steps to put this new approach into effect…and there will be close consultation with local groups on ways to gain maximum benefit from regional development. For additional information, you are invited to obtain a copy of Premier Vander Zalm's recent speech. It's available from the office of any Government Agent in British Columbia…or by writing:

**Premier's Office,**
**Parliament Buildings,**
**Victoria, B.C. V8V 1X4**

*British Columbians Sharing the Future.*

# 'We have a plan'



But it cannot be revealed, says S.S. Ray


Off. 324-6727
Res. 324-4160

#201 - 2001 East 36th Ave. [at victoria]
Vancouver. B.C. V5P 1C9

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.





ਵਿਨੀਪੇਗ ਸ਼ਹਿਰ ਵਿਚ ਨਵੇਂ ਨਵੇਂ ਫੈਸ਼ਨਾਂ ਅਤੇ ਡੀਜ਼ਾਈਨਾਂ ਦਾ ਇਕੋ ਇਕ ਸਟੋਰ

ਜਿਥੇ ਤੁਹਾਨੂੰ ਹਰ ਸਮੇਂ ਮਿਲਦੇ ਹਨ :

- ਪੰਜਾਬੀ ਸੂਟ, ਇਕ ਪੀਸ, ਦੋ ਪੀਸ ਅਤੇ ਤਿੰਨ ਪੀਸ
- ਹਰ ਤਰ੍ਹਾਂ ਦੀਆਂ ਜਾਪਾਨੀ ਅਤੇ ਇੰਡੀਆਂ ਦੀਆਂ ਸਾੜ੍ਹੀਆਂ
- ਵਿਆਹ ਸ਼ਾਦੀਆਂ ਦਾ ਪੂਰਾ ਪੂਰਾ ਸਮਾਨ
- ਧਾਰਮਿਕ ਫੋਟੋਆਂ ਵੱਖ ਵੱਖ ਸਾਈਜ਼ਾਂ ਵਿਚ
- ਕਢਾਈ ਵਾਲੇ ਦੁੱਪਟੇ ਅਤੇ ਫੁਲਕਾਰੀ ਟਾਂਕੇ ਦੇ ਦੁਪੱਟੇ
- ਵਿਆਹ ਵਾਲੀਆਂ ਸਪੈਸ਼ਲ ਸਾੜ੍ਹੀਆਂ ਅਤੇ ਜਾਲ ਵਾਲੇ ਦੁਪੱਟੇ
- ਰੁਮਾਲਿਆਂ ਦੇ ਕੱਪੜੇ, ਗੋਟੇ ਕਨਾਰੀਆਂ ਚਿਕਨ ਦੇ ਦੁਪੱਟੇ ਆਦਿ

ਆਓ ਤੇ ਅਜ਼ਮਾ ਕੇ ਦੇਖੋ!



## BOMBAY FASHIONS

724 SARGENT AVE., WINNIPEG, MANITOBA R3E 0B2

**Prop. BALDEV S. BEDI** M.A.B.A. (Hons.)



## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



**Sukhjinder S. Dhillon**
**Res: 669-2573**

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ਼ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇੰਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths



# ਧਰਮ ਤੇ ਫ਼ਲਸਫ਼ਾ

## ਮਜ਼ਬ

ਮੋਹਰ ਸਿੰਘ ਸੰਧੂ, ਵੈਨਕੂਵਰ

ਮਜ਼ਬ ਦਾ ਨਾਮ ਜਿੰਨਾ ਸਾਡੇ ਦੇਸ਼ ਵਿਚ ਪ੍ਰਚਲਤ ਹੈ ਦੁਨੀਆਂ ਦੇ ਹੋਰ ਕਿਸੇ ਹਿੱਸੇ ਵਿਚ ਨਹੀਂ। ਮਜ਼ਬ ਦਾ ਨਾਮ ਸਾਡੇ ਦੇਸ਼-ਵਾਸੀਆਂ ਦੀ ਰੁਚੀ ਬਣ ਗਿਆ ਹੈ। ਕੋਈ ਕੰਮ ਵੀ ਕਰਨਾ ਹੋਵੇ ਮਜ਼ਬ ਦੇ ਨਾਮ ਤੇ ਕੀਤਾ ਜਾਂਦਾ ਹੈ। ਦੁਕਾਨਦਾਰ ਜਾਂ ਕੰਪਨੀਆਂ ਵਾਲੇ ਆਪਣੀ ਈਮਾਨਦਾਰੀ ਜਾਂ ਸਚਾਈ ਦਾ ਆਸਰਾ ਨਹੀਂ ਲੈਂਦੇ, ਸਗੋਂ ਲੋਕਾਂ ਨੂੰ ਮਜ਼ਬ ਦਾ ਨਾਮ ਲੈ ਕੇ ਪ੍ਰੇਰਦੇ ਹਨ। ਸਾਡੀਆਂ ਸਰਕਾਰੀ ਨੌਕਰੀਆਂ ਵਿਚ ਮਜ਼ਬਾਂ ਅਨੁਸਾਰ ਹੀ ਭਰਤੀ ਹੁੰਦੀ ਹੈ। ਕਾਲਜਾਂ, ਸਕੂਲਾਂ ਵਿਚ ਵੀ ਮੁੰਡਿਆਂ ਕੁੜੀਆਂ ਨੂੰ ਦਾਖਲ ਕਰਨ ਵੇਲੇ, ਲਿਆਕਤ ਦਾ ਕੋਈ ਖਿਆਲ ਨਹੀਂ ਕੀਤਾ ਜਾਂਦਾ, ਉਹਨਾਂ ਦੇ ਮਜ਼ਬਾਂ ਅਨੁਸਾਰ ਖਾਸ ਖਾਸ ਗਿਣਤੀ ਦਾਖਲ ਕੀਤੀ ਜਾਂਦੀ ਹੈ। ਸਾਡਾ ਇਹ ਸੁਭਾਓ ਹੀ ਬਣਦਾ ਜਾ ਰਿਹਾ ਹੈ ਕਿ ਅਸੀਂ ਬੰਦਿਆਂ ਦਾ ਚੰਗਾ ਜਾਂ ਮੰਦਾ ਹੋਣਾ ਈਮਾਨਦਾਰ ਜਾਂ ਬੇਈਮਾਨ ਹੋਣਾ, ਲਾਇਕ ਜਾਂ ਨਾ-ਲਾਇਕ ਹੋਣਾ, ਉਹਨਾਂ ਦੇ ਅਮਲਾਂ ਤੋਂ ਨਹੀਂ ਪਰਖਦੇ ਬਲਕਿ ਉਹਨਾਂ ਦਾ ਐਸਾ ਜਾਂ ਵੈਸਾ ਹੋਣਾ ਉਹਨਾਂ ਦੇ ਮਜ਼ਬ ਤੇ ਨਿਰਭਰ ਕਰਦੇ ਹਾਂ। ਮਜ਼ਬ ਬਾਰੇ ਲਿਖਣਾ ਮੇਰਾ ਵਰਗੇ ਲਈ ਬਹੁਤ ਔਖਾ ਹੈ, ਪਰ ਫੇਰ ਵੀ ਮੈਂ ਆਪਣੇ ਸਾਥੀਆਂ ਨੂੰ ਕੁਝ ਖਿਆਲ ਦੱਸੇ ਬਿਨਾਂ ਨਹੀਂ ਰਹਿ ਸਕਦਾ।

ਹਾੜ ਮਹੀਨੇ ਦੀ ਦੁਪਹਿਰੇ ਮੈਂ ਰੇਲ ਸਫਰ ਕਰ ਰਿਹਾ ਸਾਂ। ਇਕ ਬੱਚੇ ਨੂੰ ਪਿਆਸ ਲੱਗੀ। ਸਟੇਸ਼ਨ ਆਉਣ ਤੇ ਉਸ ਨੇ ਉਚੀ ਉਚੀ ਪਾਣੀ ਲਈ ਪੁਕਾਰਿਆ। ਇਕ ਪਾਣੀ ਵਾਲਾ ਕੋਲ ਆਇਆ ਅਤੇ ਪਾਣੀ ਦੇਣ ਲੱਗਾ ਮਾਂ ਨੇ ਕਿਹਾ ਮੈਨੂੰ ਮੁਸਲਮਾਨਾ ਪਾਣੀ ਚਾਹੀਦਾ ਹੈ। ਉਸ ਨੇ ਮੁਸਲਮਾਨ ਨੂੰ ਆਵਾਜ਼ ਮਾਰੀ। ਮੁਸਲਮਾਨ ਪਾਣੀ ਵਾਲੇ ਕੋਲ ਪਾਣੀ ਮੁੱਕ ਗਿਆ ਸੀ। ਮਾਂ ਨੇ ਬੱਚੇ ਨੂੰ ਅਗਲੇ ਸਟੇਸ਼ਨ ਤੱਕ ਪਿਆਸਾ ਹੀ ਰੱਖਿਆ, ਹਿੰਦੂ ਤੋਂ ਪਾਣੀ ਨਾ ਲਿਆ।

ਮੈਂ ਤੇ ਮੇਰਾ ਦੋਸਤ ਇਕ ਵੇਰ ਪੈਦਲ ਜਾ ਰਹੇ ਸਾਂ ਕਿ ਰਸਤੇ ਦੇ ਇਕ ਪਿੰਡ ਦੇ ਖੂਹ ਤੇ ਪਾਣੀ ਪੀਣ ਲਈ ਖੜੋ ਗਏ। ਖੂਹ ਤੇ ਦੋ ਭੌਣ ਸਨ। ਮੈਂ ਆਪਣੇ ਦੋਸਤ ਨੂੰ ਪਾਣੀ ਕੱਢਣ ਲਈ ਆਖਿਆ। ਉਸ ਨੇ ਇਕ ਭੌਣ ਤੋਂ ਬੋਕੀ ਲਮਕਾਈ ਅਤੇ ਪਾਣੀ ਕੱਢਿਆ। ਇੰਨੇ ਚਿਰ ਵਿਚ ਹੀ ਪਿੰਡ ਦੀਆਂ ਦੋ ਤੀਵੀਆਂ ਪਾਣੀਆਂ ਲੈਣ ਆ ਗਈਆਂ, ਉਨ੍ਹਾਂ ਵਿਚੋਂ ਇਕ ਨੇ ਸਾਨੂੰ ਪਾਣੀ ਪੀਂਦੇ ਵੇਖ ਕੇ ਕਿਹਾ, "ਏ ਸਰਦਾਰ, ਓ ਮੁਸਲਮਾਨ ਕਾਸੈ, ਹਿੰਦੂ ਕਾ ਇਹ ਸੈ"। ਮੈਂ ਪਾਣੀ ਪੀ ਲਿਆ। ਇਕੋ ਖੂਹ, ਇਕੋ ਪਾਣੀ ਉਪਰ ਆਉਣ ਨਾਲ ਇਕ ਪਾਸੇ ਹਿੰਦੂ ਦਾ ਬਣ ਜਾਂਦਾ ਹੈ, ਦੂਜੇ ਪਾਸੇ ਮੁਸਲਮਾਨ ਦਾ।

ਅਜਬ ਮਜ਼ਬ ਹਨ ਜੋ ਕਦਮ ਕਦਮ ਤੇ ਇਨਸਾਨ ਨੂੰ ਇਨਸਾਨ ਨਾਲੋਂ ਅੱਡ ਕਰਦੇ ਹਨ — ਤੋੜਦੇ ਹਨ — ਲੜਾਂਦੇ ਹਨ।

ਸ੍ਰ. ਗੁਰਬਖਸ਼ ਸਿੰਘ 'ਪ੍ਰੀਤਲੜੀ' ਵਾਲਿਆਂ ਦੀ ਲਿਖੀ ਪੁਸਤਕ "ਰੋਜ਼ਾਨਾ ਜੀਵਨ ਦੀ ਸਿੱਖਿਆ" ਵਿਚ ਮੈਂ ਇਕ ਧਾਰਮਿਕ ਘਟਨਾ ਦਾ ਹਾਲ ਪੜ੍ਹਿਆ, ਜੋ ਇਕ ਮਨੁੱਖ ਨੇ ਆਪਣੀ ਅੱਖੀਂ ਵੇਖੀ ਸੀ। ਉਹ ਲਿਖਦਾ ਹੈ — ਇਕ ਵਾਰੀ ਮੈਂ ਸਵੇਰੇ ਗੁਰਦੁਆਰੇ ਗਿਆ। ਇਕ ਮਾਈ ਜੋੜਿਆਂ ਦੀ ਸੇਵਾ ਕਰ ਰਹੀ ਸੀ ਤੇ ਬੜੇ ਪ੍ਰੇਮ ਨਾਲ ਬਾਣੀ ਭੀ ਪੜ੍ਹਦੀ ਜਾ ਰਹੀ ਸੀ। ਜਿਹੜੀਆਂ ਜੁੱਤੀਆਂ ਉਸ ਨੇ ਆਪਣੇ ਕੱਪੜੇ ਨਾਲ ਪੂੰਝ ਲਈਆਂ ਸਨ, ਉਹਨਾਂ ਨੂੰ ਉਹ ਕਤਾਰ ਵਿਚ ਇਕ ਪਾਸੇ ਰੱਖੀ ਜਾਂਦੀ ਸੀ। ਮੇਰੇ ਵੇਂਹਦਿਆਂ ਹੀ ਗੁਰਦੁਆਰੇ ਵਿਚੋਂ ਇਕ ਬੰਦਾ ਨਿਕਲਿਆ, ਜੋ ਭਾਗ-ਹੀਨ "ਚੂਹੜਾ" ਸੀ। ਉਸਦੀ ਜੁੱਤੀ ਉਸ ਕਤਾਰ ਵਿਚ ਅੱਪੜ ਚੁੱਕੀ ਹੋਈ ਸੀ। ਮਾਈ ਉਸ ਦੀ ਜੁੱਤੀ ਨੂੰ ਭੀ ਹੱਥ ਲਾ ਬੈਠੀ ਹੋਈ ਸੀ। "ਚੂਹੜੇ" ਨੇ ਜੁੱਤੀ ਪਾ ਲਈ। ਮਾਈ ਬੜੀ ਖਿਝੀ, ਪਾਠ ਕਰਨਾ ਭੀ ਭੁੱਲ ਗਿਆ, "ਜੋੜਿਆਂ ਦੀ ਸੇਵਾ" ਭੀ ਅੱਧ-ਵਾਟੇ ਹੀ ਰਹਿ ਗਈ। ਉਠ ਕੇ ਆਪਣੇ ਘਰ ਗਈ, ਸਣੇ ਕੱਪੜੀਂ ਇਸ਼ਨਾਨ ਕੀਤਾ ਤੇ 'ਪਵਿੱਤਰ' ਹੋ ਕੇ ਗੁਰਦੁਆਰੇ ਆਈ। ਉਸ ਚੰਦਰੇ "ਚੂਹੜੇ" ਨੇ ਧਰਮੀ ਸਾਊ ਬੰਦਿਆਂ ਦੇ ਜੋੜਿਆਂ ਵਿਚ ਆਪਣੀ ਜੁੱਤੀ ਰੱਖ ਕੇ ਉਸ ਪ੍ਰੇਮਣ ਮਾਈ ਦਾ ਧਰਮ ਹੀ ਭ੍ਰਿਸ਼ਟ ਕਰ ਦਿੱਤਾ ਸੀ, ਜੇ ਵੇਲੇ-ਸਿਰ ਪਤਾ ਨਾ ਲੱਗਦਾ ਤਾਂ ਖਬਰੇ ਕੀ ਅਨਰਥ ਹੋ ਜਾਂਦਾ।

ਸਾਡੇ ਵਿਚ ਝੂਠੇ ਮਜ਼ਬੀ ਖਿਆਲ ਇੰਨੇ ਜੰਮ ਗਏ ਹਨ ਕਿ ਜੇ ਇਕ ਘੜੀ ਅਸੀਂ ਇਨ੍ਹਾਂ ਤੋਂ ਉਚੇ ਹੋ ਜਾਂਦੇ ਹਾਂ ਤਾਂ ਦੂਜੀ ਘੜੀ ਫੇਰ ਉਨ੍ਹਾਂ ਹੀ ਵੱਖੋ ਵੱਖਰੀਆਂ ਲੀਹਾਂ ਵਿਚ ਆ ਪੈਂਦੇ ਹਾਂ। ਸਾਡੀ ਕਹਿਣੀ, ਕਰਨੀ ਵਿਚ ਪਲਟਾ ਨਹੀਂ ਖਾਂਦੀ।

ਇਕ ਦੀ ਤੁਰਕੀ ਟੋਪੀ ਦੂਜੇ ਨੂੰ ਨਹੀਂ ਸੁਖਾਂਦੀ, ਦੂਜੇ ਦੀ ਪਗੜੀ ਤੀਜੇ ਨੂੰ ਚੁਭਦੀ ਹੈ, ਤੀਜੇ ਦਾ ਹੈਟ ਚੌਥੇ ਨੂੰ ਓਪਰਾ ਲਗਦਾ ਹੈ। ਜੇ ਇਕ ਹਿੰਦੂ ਨੂੰ ਮੁਸਲਮਾਨਾਂ ਦੇ ਮੁਹੱਲੇ ਜਾਣਾ ਪਵੇ ਤਾਂ ਉਹ ਉਥੇ ਜਾਂਦਾ ਸਹਿਮਦਾ ਹੈ ਅਤੇ ਮੁਸਲਮਾਨ ਨੂੰ ਹਿੰਦੂਆਂ ਦੀ ਵਸਤੀ ਜਾਂਦਿਆਂ ਘਬਰਾ ਹੁੰਦਾ ਹੈ। ਕੀ ਇਹ ਕੋਈ ਸੁਆਦਲਾ ਜੀਵਨ ਹੈ ਕਿ ਸਾਨੂੰ ਹਰ ਵੇਲੇ ਡਰ ਹੀ ਲੱਗਾ ਰਹਿੰਦਾ ਹੈ। ਇਕੋ ਥਾਂ ਰਹਿੰਦੇ ਅਸੀਂ ਇਕ ਦੂਜੇ ਨਾਲੋਂ ਵੱਖੋ ਵੱਖਰੇ ਮਹਿਸੂਸ ਕਰਦੇ ਹਾਂ।

ਉਪਰਲੀਆਂ ਕੁਝ ਕੁ ਗੱਲਾਂ ਅਨੇਕਾਂ ਹੋਰਾਂ ਵਿਚੋਂ ਹਨ ਜੋ ਸਾਨੂੰ ਪ੍ਰਤੱਖ ਕਰਦੀਆਂ ਹਨ ਕਿ ਅਸੀਂ ਅਸਲੀ ਮਜ਼ਬ ਤੋਂ ਕਿੰਨੇ ਦੂਰ ਹਾਂ। ਸਾਡੇ ਲਈ ਵਖਾਵਾ ਅਤੇ ਰਸਮਾਂ ਹੀ ਅਸਲੀ ਮਜ਼ਬ ਦਿਸਦਾ ਹੈ। ਕੀ ਸੱਚ ਮੁੱਚ ਹੀ ਇਹੀ ਸੱਚਾ ਮਜ਼ਬ ਹੈ ? ਕੀ ਸਾਡੇ ਮੰਦਰ, ਮਸੀਤਾਂ, ਗੁਰਦੁਆਰੇ ਅਤੇ ਗਿਰਜੇ ਸਾਨੂੰ ਇਕ ਦੂਜੇ ਤੋਂ ਘ੍ਰਿਣਾ ਕਰਨੀ ਹੀ ਸਿਖਾਉਂਦੇ ਹਨ। ? ਕੀ ਮਜ਼ਬਾਂ ਦੇ ਆਗੂਆਂ ਦਾ ਆਦਰਸ਼ ਦੁਨੀਆਂ ਵਿਚ ਨਫ਼ਰਤ ਵਧਾਉਣਾ ਸੀ ? ਕੀ ਬਹਿਸ਼ਤ ਮੁਸਲਮਾਨਾਂ ਲਈ ਰੀਜ਼ਰਵ ਹੈ ? ਕਾਫ਼ਰਾਂ ਲਈ ਦੋਜ਼ਖ ਹੀ ਹੈ ? ਕੀ ਹਿੰਦੂ ਹੀ ਸਵਰਗ ਪੁਰੀ ਵਿਚ ਵਾਸ ਕਰਨਗੇ ? ਮਲੇਛਾਂ ਨੂੰ ਨਰਕਾਂ ਵਿਚ ਕੋਹਲੂ ਹੀ ਚਲਾਉਣੇ ਪੈਣਗੇ ?

ਮੈਂ ਸਮਝਦਾ ਹਾਂ, ਜਿਸ ਤਰ੍ਹਾਂ ਦੁਨੀਆਂ ਦਾ ਇਕ ਇਨਸਾਨ ਦੂਜੇ ਨਾਲ ਹੂ-ਬ-ਹੂ ਨਹੀਂ ਮਿਲਦਾ, ਹਰ ਇਕ ਵਿਚ ਜ਼ਰੂਰੀ ਹੀ ਕੁਝ ਨਾ ਕੁਝ ਫਰਕ ਹੁੰਦਾ ਹੈ ਉਸੇ ਤਰ੍ਹਾਂ ਇਕ ਇਨਸਾਨ ਦਾ ਮਜ਼ਬ ਭੀ ਦੂਜੇ ਨਾਲ ਇਕ ਨਹੀਂ ਹੋ ਸਕਦਾ। ਮਜ਼ਬ ਇਕ ਆਪਣੀ Personal ਚੀਜ਼ ਹੈ ਜੋ ਦੂਜੇ ਨਾਲ ਇਕੋ ਨਹੀਂ ਹੋ ਸਕਦੀ।

ਜਿਸ ਨੂੰ ਆਮ-ਮਜ਼ਬ ਕਿਹਾ ਜਾਂਦਾ ਹੈ ਉਹ ਦਰਅਸਲ ਜੱਥੇਬੰਦੀਆਂ ਹਨ, ਜਿਹੜੀਆਂ ਕਿਸੇ ਖਾਸ ਸਮੇਂ, ਲੋੜ ਅਨੁਸਾਰ ਕਿਸੇ ਖਾਸ ਆਦਰਸ਼ ਨੂੰ ਅਗੇ ਰੱਖਕੇ, ਉਸ ਵੇਲੇ ਦੇ ਆਗੂਆਂ ਨੂੰ ਬਣਾਉਣੀਆਂ ਪਈਆਂ, ਅਤੇ ਅਜ ਤਾਈਂ ਚਲੀਆਂ ਆ ਰਹੀਆਂ ਹਨ। ਅਜ ਕੱਲ੍ਹ ਅਸੀਂ ਆਗੂਆਂ ਦੇ ਆਦਰਸ਼ ਨੂੰ ਭੁੱਲ ਗਏ ਹਾਂ ਅਤੇ ਦਿਖਾਵਿਆਂ ਤੇ ਜ਼ੋਰ ਦੇ ਦਿੱਤਾ ਹੈ। ਅਸਲੀ ਮਜ਼ਬ ਨੂੰ ਕਿਸੇ ਵਿਖਾਵੇ ਦੀ ਲੋੜ ਨਹੀਂ। ਮਜ਼ਬ ਦਾ ਸੰਬੰਧ ਇਨਸਾਨੀ ਆਤਮਾ ਨਾਲ ਹੈ ਜਿਸ ਦਾ ਜ਼ਾਹਿਰਾ ਸਬੂਤ ਇਨਸਾਨੀ ਮਿਲਵਰਤਨ ਤੋਂ ਪਤਾ ਲਗਦਾ ਹੈ। ਜਿਸ ਇਨਸਾਨ ਦਾ ਵਰਤਾਓ ਆਪਣੇ ਸਾਥੀਆਂ ਨਾਲ ਚੰਗਾ ਹੈ, ਕਿਸੇ ਨੂੰ ਉਸ ਤੋਂ ਘ੍ਰਿਣਾ ਨਹੀਂ, ਕਿਸੇ ਨੂੰ ਉਸ ਤੋਂ ਤੰਗੀ ਨਹੀਂ, ਉਹ ਕਿਸੇ ਤੇ ਭਾਰ ਨਹੀਂ ਪਾਉਂਦਾ, ਸਭ ਨੂੰ ਪਿਆਰਦਾ ਹੈ, ਤਾਂ ਉਸ ਦਾ ਮਜ਼ਬ ਜ਼ਰੂਰ ਚੰਗਾ ਹੈ ਭਾਵੇਂ ਉਸ ਦੇ ਮਜ਼ਬ ਦਾ ਕੋਈ ਨਾਮ ਹੈ ਜਾਂ ਨਹੀਂ।

ਮੰਦਰ ਜਾਣਾ, ਮਸੀਤੇ ਨਮਾਜ਼ ਗੁਜਾਰਣਾ, ਗੁਰਦੁਆਰੇ ਹੋ ਆਉਣਾ ਕੋਈ ਬੁਰਾ ਨਹੀਂ, ਨਾ ਹੀ ਇਨ੍ਹਾਂ ਵਿਚ ਕੋਈ ਔਗੁਣ ਹੈ। ਪਾਠ ਵਿਚ ਕੋਈ ਵਕਤ ਜ਼ਾਇਆ ਕਰਨਾ ਨਹੀਂ, ਸਿਰਫ ਇਹਨਾਂ ਵਿਚੋਂ ਜੋ ਗੱਲ ਵੀ ਇਨਸਾਨ ਨੂੰ ਇਨਸਾਨ ਨਾਲੋਂ ਵਖਰੇ ਕਰਦੀ ਹੈ, ਉਹ ਕਰਨ ਯੋਗ ਨਹੀਂ, ਮਾਣ-ਯੋਗ ਨਹੀਂ, ਮਜ਼ਬ ਨਹੀਂ, ਉਹ ਧੋਖਾ ਹੈ, ਫਰੇਬ ਹੈ, ਗਲਤ ਰਸਤਾ ਹੈ।

——————→


**NORTH AMERICAN LIFE, DOES IT FOR YOU!**

• ਬਿਜਨਸ ਤੇ ਮਾਰਗੇਜ਼ • ਬੱਚਿਆਂ ਦੀ ਪੜ੍ਹਾਈ ਇਨਸ਼ੋਰੇਂਸ • ਰਿਟਾਇਰ ਮੈਂਟ ਤੇ ਪੈਨਸ਼ਨ ਪਲਾਨ • ਲਾਈਫ ਇਨਸ਼ੋਰੇਂਸ • ਗਰੁਪ ਇਨਸ਼ੋਰੇਂਸ

**COMPAY PROVIDES**

- HIGHEST INTEREST RATES of its 5- year Investment account on your savings Dollars
- Provides you free advice on keeping the interest earnings tax-sheltered
- Computerized tailor-made plan for your family

**& YOU DECIDE:**

- The amount to Life Insurance
- The period after which you could STOP premium payment
- FLEXIBILITY in premium payments (Within Limits)

TOGETHER WE ARE STRONGER



KARNAIL SINGH. NAGRA
TEL. 270-2100
NAGRA INSURANCE AGENCIES 11420 GRANVILLE AVE
RICHMOND, B.C. V6Y 1RG

**Success Through Service & Experience**

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

For Professional Market Evaluation or Consultation
• Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

Ph. Bus: 437-9431 Res: 434-4660
UNITED REALTY LTD.
2443 Kingsway, Vancouver, B.C. V5R 5G8



Ajaib S. Janda

→

ਮਜ਼ੂਬ ਇਕ ਜੀਵਨ ਜਾਚ ਹੈ, ਜੋ ਹਰ ਇਕ ਇਨਸਾਨ ਆਪੋ ਆਪਣੀਆਂ ਰੁਚੀਆਂ ਅਨੁਸਾਰ ਸਿਖਦਾ ਹੈ। ਮਜ਼ੂਬ ਅੰਮ੍ਰਿਤ ਦਾ ਉਹ ਚਸ਼ਮਾ ਹੈ, ਜਿਸ ਦੀ ਵਰਤੋਂ ਬਿਨਾਂ ਇਨਸਾਨ ਦਾ ਇਕ ਪਲ ਜੀਊਣਾ ਭੀ ਮੁਸ਼ਕਲ ਹੈ। ਮਜ਼ੂਬ ਇਨਸਾਨੀਅਤ ਦੀ ਉਹ ਉਚੀ ਹਾਲਤ ਹੈ ਜਦ ਸਭ ਇਨਸਾਨ ਇਕ ਰੂਪ ਨਜ਼ਰ ਆਉਂਦੇ ਹਨ। ਮਜ਼ੂਬ ਇਨਸਾਨੀਅਤ ਦੀ ਉਹ ਸਿਖਰ ਹੈ ਜਦ ਉਹ ਕਹਿੰਦਾ ਹੈ :

ਨਾ ਕੋ ਬੈਰੀ ਨਾਹਿ ਬਿਗਾਨਾ
ਸਗਲ ਸੰਗ ਹਮ ਕਉ ਬਨ ਆਈ

ਕਿਸੇ ਮਹਾਨ ਤਾਕਤ ਨੇ ਸਾਨੂੰ, ਜਨਮ ਸਮੇਂ ਤੋਂ ਉਚਰਾ ਜਥੇਬੰਦ ਮਜ਼ੂਬ ਵਿਚ ਨਹੀਂ ਵੰਡਿਆ। ਇਹ ਅਸੀਂ ਆਪੀਂ ਇਕ ਦੂਜੇ ਤੋਂ ਦੂਰ ਹੋਣ ਦੇ ਬਹਾਨੇ ਘੜੇ ਹਨ।

ਵਾਹਿਗੁਰੂ, ਪਰਮਾਤਮਾ, ਰੱਬ, ਰਾਮ, ਜਾਂ ਜੋ ਵੀ ਉਸ ਸਰਬ-ਵਿਆਪਕ ਤਾਕਤ ਦਾ ਨਾਮ ਤੁਸੀਂ ਲੈਣਾ ਚਾਹੋ ਲਵੋ, ਨੇ ਕਦੇ ਇਹ ਨਹੀਂ ਚਾਹਿਆ ਹੋਵੇਗਾ ਕਿ ਦੁਨੀਆਂ ਦੇ ਇਨਸਾਨ ਵੱਖੋ ਵੱਖ ਫਿਰਕਿਆਂ ਵਿਚ ਪੈ ਕੇ ਇਕ ਦੂਜੇ ਨਾਲ ਲੜਨ, ਝਗੜਨ। ਜਦ ਵੀ ਕਿਸੇ ਉਚੀ ਸ਼ਕਤੀ ਵਾਲੇ ਆਗੂ ਦਾ ਜਨਮ ਹੋਇਆ ਉਸ ਦਾ ਪਰਚਾਰ ਇਹੀ ਰਿਹਾ ਕਿ ਸਭ ਇਨਸਾਨ ਇਕੋ ਹਨ

ਏਕ ਨੂਰ ਤੇ ਸਭ ਜਗ ਉਪਜਿਆ
ਕਉਣ ਭਲੇ ਕਉਣ ਮੰਦੇ।

ਸਾਂਝੇ ਗੁਰਾਂ ਦਾ ਵਾਕ ਹੈ। ਜੇ ਉਸ ਆਗੂ ਦੇ ਬਾਦ ਕੋਈ ਧੜੇ ਬਣਾਏ ਗਏ ਤਾਂ ਇਹ ਸਾਡਾ ਇਨਸਾਨਾਂ ਦਾ ਆਪਣਾ ਕਸੂਰ ਅਤੇ ਬੇ-ਸਮਝੀ ਹੈ। ਅਸੀਂ ਆਪਣੇ 'ਚੋਂ ਦਵੈਤ ਨਾ ਕੱਢ ਸਕੇ, ਵਖਰੇ ਹੋ ਗਏ।

ਬੰਦਾ ਤੇ ਰੱਬ ਇਕੋ ਸਚਾਈ ਦੇ ਦੋ ਭਾਗ ਹਨ। ਇਨ੍ਹਾਂ ਦੋਹਾਂ ਦੇ ਵਿਚਕਾਰ ਕੋਈ ਤੀਜੀ ਚੀਜ਼ ਨਹੀਂ। ਤੀਰਥ, ਵਰਤ, ਅਸ਼ਨਾਨ, ਜਾਪ, ਤਾਪ ਨਿਰਮੂਲ ਹਨ। ਭੇਤਾਂ ਭਰੇ ਸਾਧਨ, ਰਿਧੀਆਂ ਸਿਧੀਆਂ ਦੀ ਪ੍ਰਾਪਤੀ ਭੁਲੇਖੇ ਹਨ।

ਟੌਲਸਟੌਇ (Tolstoy) ਨਾਮੇ ਇਕ ਉਘਾ ਰੂਸੀ ਲਿਖਾਰੀ ਅਤੇ ਫਿਲਾਸਫਰ ਹੋਇਆ ਹੈ। ਉਹ ਮਜ਼ੂਬ ਬਾਰੇ ਇਉਂ ਲਿਖਦਾ ਹੈ :

True religion is a relation, accordant with reason and knowledge, which man establishes with the infinite life surrounding him, and it is such as binds his life to that infinity and guides his conduct.

"ਸਚਾ ਮਜ਼ੂਬ, ਇਨਸਾਨ ਅਤੇ ਉਸ ਬੇਅੰਤ ਜੋ ਸਾਡੇ ਆਲੇ ਦੁਆਲੇ ਹੈ, ਵਿਚ ਉਹ ਰਿਸ਼ਤਾ ਹੈ, ਜੋ ਸਮਝ ਅਤੇ ਵਿਚਾਰ ਨਾਲ ਪਾਇਆ ਗਿਆ ਹੈ, ਅਤੇ ਸਾਡੇ ਜੀਵਨ-ਵਰਤਾਓ ਦਾ ਆਗੂ ਹੈ ਤੇ ਉਸੰ ਬੇ-ਅੰਤ ਨਾਲ ਜੋੜਦਾ ਹੈ।"

ਹੋਰ ਵਿਸਥਾਰ ਨਾਲ ਮਜ਼ੂਬ ਬਾਰੇ ਇਉਂ ਲਿਖਦਾ ਹੈ :—

"Religion is not a belief, settled once for all, in certain Supernatural occurances, supposed to have taken place once upon a time, nor in the necessity for certain prayers and ceremonies; nor is it, as the Scientists suppose, a survival of the superstitions of ancient ignorance which in our time has no meaning or application to life and to god a relation accordent with reason and contemporary knowledge, and it is the one thing that alone moves the humanity forward towards its destined aim."

ਮਜ਼ੂਬ ਕੋਈ ਐਸਾ ਨਿਸਚਾ ਨਹੀਂ, ਜੋ ਕਿਸ਼ੇ ਖਾਸ ਸਮੇਂ, ਕਿਸੇ ਉਚੇਰੀ ਗੈਰ ਕੁਦਰਤੀ ਘਟਨਾ ਕਰਕੇ ਹਮੇਸ਼ਾ ਲਈ ਪੱਕਾ ਹੋ ਗਿਆ ਹੈ, ਨਾ ਹੀ ਇਸ ਲਈ ਕੋਈ ਪ੍ਰਾਰਥਨਾ ਜਾਂ ਰਸਮਾਂ ਦੀ ਲੋੜ ਹੈ, ਨਾ ਹੀ ਇਹ ਸਾਇੰਸਦਾਨਾਂ ਦੇ ਕਹਿਣ ਵਾਂਗੂੰ ਪੁਰਾਣੀਆਂ ਜਹਾਲਤਾਂ ਜਾਂ ਵਹਿਮਾਂ ਦਾ ਹੁਣ ਤਾਈਂ ਚਲਿਆ ਆਉਣਾ ਹੈ, ਜਿਸ ਦਾ ਸਾਡੇ ਅੱਜ ਕੱਲ੍ਹ ਦੇ ਜੀਵਨ ਨਾਲ ਕੋਈ ਸੰਬੰਧ ਨਹੀਂ, ਪਰ ਮਜ਼ੂਬ ਇਨਸਾਨ ਅਤੇ ਰੱਬ ਦਾ ਉਹ ਰਿਸ਼ਤਾ ਹੈ ਜੋ ਹੁਣ ਦੀ ਵਿਚਾਰ ਅਤੇ ਵਿਦਿਆ ਦੇ ਅਨੁਸਾਰ ਹੈ ਅਤੇ ਇਹੀ ਇਕੋ ਚੀਜ਼ ਹੈ ਜੋ ਇਨਸਾਨੀਅਤ ਨੂੰ ਅਗੇ ਅਗੇ ਆਪਣੇ ਆਦਰਸ਼ ਵੱਲ ਤੋਰੀ ਜਾਂਦੀ ਹੈ।"

# ਬਾਜਪਾਈ ਵਲੋਂ ਕਮਿਊ-ਨਿਸਟਾਂ ਦੀ ਅਲੋਚਨਾ — ਏਕੇ 'ਚ ਰੁਕਾਵਟ ਦਾ ਦੋਸ਼

ਕਲਕੱਤਾ — ਭਾਰਤੀ ਜਨਤਾ ਪਾਰਟੀ ਦੇ ਲੀਡਰ ਸ੍ਰੀ ਅਟਲ ਬਿਹਾਰੀ ਬਾਜਪਾਈ ਨੇ ਇਥੇ ਇਕ ਭੇਂਟ ਵਿਚ ਦੋਸ਼ ਲਾਇਆ ਹੈ ਕਿ ਸੀ ਪੀ ਆਈ( ਐਮ) ਅਤੇ ਸੀ ਪੀ ਆਈ ਦੀਆਂ ਵਰਤਮਾਨ ਕੋਸ਼ਿਸ਼ਾਂ ਦਾ ਮੁਖ ਆਸ਼ਾ ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਵਿਰੁਧ ਅਪੋਜ਼ੀਸ਼ਨ ਦੀ ਸਾਂਠੀ ਜਦੋਜਹਿਦ ਅਤੇ ਏਕੇ ਨੂੰ ਕਮਜ਼ੋਰ ਕਰਨਾ ਹੈ। ਇਸ ਵੇਲੇ ਜਦ ਕਿ ਔੜ, ਭ੍ਰਿਸ਼ਟਾਚਾਰ ਅਤੇ ਚੋਣ ਸੁਧਾਰ ਮਾਮਲਿਆਂ ਲਈ ਅਪੋਜ਼ੀਸ਼ਨ ਪਾਰਟੀਆਂ ਨੂੰ ਮਿਲ ਕੇ ਚੱਲਣ ਦੀ ਲੋੜ ਹੈ ਤਾਂ ਅਪੋਜ਼ੀਸ਼ਨ ਨੂੰ ਵੰਡਣ ਦਾ ਯਤਨ ਕਰ ਰਹੀਆਂ ਹਨ ਤਾਂ ਕਿ ਪ੍ਰਧਾਨ ਮੰਤਰੀ ਨੂੰ ਸੰਭਲਣ ਲਈ ਸਮਾਂ ਮਿਲ ਜਾਵੇ। ਸ੍ਰੀ ਬਾਜਪਾਈ ਨੇ ਕਿਹਾ ਕਿ ਇਹ ਅਫਸੋਸ ਦੀ ਗੱਲ ਹੈ ਕਿ ਦੋਨਾਂ ਕਮਿਊਨਿਸਟ ਪਾਰਟੀਆਂ ਨੇ ਅਪੋਜ਼ੀਸ਼ਨ ਦੀ ਏਕਤਾ ਦੀ ਲੋੜ ਨੂੰ ਮਹਿਸੂਸ ਨਹੀਂ ਕੀਤਾ ਤੇ ਅਚਾਨਕ ਤਬਦੀਲੀ ਆਈ ਹੈ। ਸ੍ਰੀ ਬਾਜਪਾਈ ਨੇ ਕਿਹਾ ਕਿ ਉਨ੍ਹਾਂ ਦੀ ਅਜੇ ਵੀ ਇਹ ਧਾਰਨਾ ਹੈ ਕਿ ਆਪਣੀਆਂ ਨੀਤੀਆਂ ਨਿਰਧਾਰਤ ਕਰਨ ਲਈ ਇਹ ਪਾਰਟੀਆਂ ਅਜੇ ਵੀ ਰੂਸ ਪਾਸੋਂ ਰੋਸ਼ਨੀ ਲੈਂਦੀਆਂ ਹਨ। ਆਪ ਨੇ ਕਿਹਾ ਕਿ ਜੇਕਰ ਕਮਿਊਨਿਸਟ ਅਪੋਜ਼ੀਸ਼ਨ ਦੀ ਏਕਤਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ਪ੍ਰਤੀ ਆਪਣਾ ਰਵੱਈਆ ਬਦਲਣਾ ਹੋਵੇਗਾ। ਆਪ ਨੇ ਕਿਹਾ ਕਿ ਕਮਿਊਨਿਸਟ ਫਿਰਕਾਪ੍ਰਸਤੀ ਦੀ ਵਿਆਖਿਆ ਕਰਨ। ਆਪ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਨੇ ਵੀ ਹਿੰਦੂ ਮਹਾਂ ਸਭਾ ਜਾਂ ਭਾਰਤੀਆ ਜਨ ਸੰਘ ਨੂੰ ਕਦੀ ਫਿਰਕੂ ਨਹੀਂ ਸੀ ਸਮਝਿਆ। ਨਹੀਂ ਤਾਂ ਉਹ ਕਦੀ ਵੀ ਆਜ਼ਾਦੀ ਤੋਂ ਬਾਦ ਬਣੀ ਸਰਕਾਰ ਵਿਚ ਸ੍ਰੀ ਸ਼ਾਮਾ ਪ੍ਰਸਾਦਿ ਮੁਖਰਜੀ ਨੂੰ ਸ਼ਾਮਲ ਨਾ ਕਰਦੇ ਜਾਂ 1960 ਦੀਆਂ ਕੌਮੀ ਏਕਤਾ ਪ੍ਰੀਸ਼ਦ ਦੀਆਂ ਮੀਟਿੰਗਾਂ ਵਿਚ ਭਾਰਤੀਆ ਜਨ ਸੰਘ ਨੂੰ ਨਾ ਸੱਦਦੇ। ਆਪ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਦਰਵਾਜ਼ੇ ਸਭ ਲਈ ਖੁੱਲੇ ਹਨ ਅਤੇ ਇਹ ਅਕਾਲੀ ਦਲ ਜਾਂ ਮੁਸਲਿਮ ਲੀਗ ਵਾਂਗ ਨਹੀਂ, ਜਿਥੇ ਕਿ ਕੇਵਲ ਖਾਸ ਫਿਰਕੇ ਨੂੰ ਹੀ ਲਿਆ ਜਾਂਦਾ ਹੈ।


The Manitoba Mirror

ਮੈਨੀਟੋਬਾ ਦਰਪਣ



ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph.: Off. (204) 269-8140 (24 Hours)

The Canada Trust Company
1910 Pembina Highway, Winnipeg, Manitoba R3T 4S5

Res. 694-3198

Canada Trust Realtor



Sales Representative





ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਣਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

953 Notre Dame. Ave. WINNIPEG, MAN. R3E 0M8

Ph. Bus. 772-3937

Res. 633-6567

# ਸਿੱਖ ਇਨਕਲਾਬ-ਨੌਜਵਾਨਾਂ ਦੀ ਲਹਿਰ

—ਗੁਰਭਗਤ ਸਿੰਘ—

ਪੰਜਾਬ ਵਿਚ ਚਲ ਰਹੀ ਜੁਝਾਰੂ ਸਿੱਖ ਨੌਜਵਾਨਾਂ ਦੀ ਲਹਿਰ ਨੂੰ ਸਮਝਣ ਲਈ ਸਿੱਖ ਇਨਕਲਾਬ ਦਾ ਚਰਿੱਤਰ ਅਤੇ ਇਸ ਦੇ ਵਾਅਦੇ ਸਮਝਣੇ ਜ਼ਰੂਰੀ ਹਨ । ਇਹ ਲਹਿਰ ਅੱਜ ਸ਼ਿਦਤ ਨਾਲ ਉਭਰੀ ਹੈ ਕਿਉਂਕਿ ਇਤਿਹਾਸ ਵਿਚ ਉਹ ਵਾਅਦੇ ਪੂਰੇ ਨਹੀਂ ਹੋ ਸਕੇ । ਜੋ ਸੁਪਨੇ ਗੁਰੂ ਸਾਹਿਬਾਨ ਦੇ ਗਏ ਹਨ ਅਤੇ ਜਿਨ੍ਹਾਂ ਦੇ ਪ੍ਰਭਾਵ ਥੱਲੇ ਸਿੱਖ ਨੌਜਵਾਨ ਪਲਦਾ ਹੈ ਉਨ੍ਹਾਂ ਦੀ ਪੂਰਤੀ ਆਜ਼ਾਦੀ ਤੋਂ ਪਿਛੋਂ ਦੇ ਭਾਰਤੀ ਸੰਗਠਨ ਵਿਚ ਵੀ ਨਹੀਂ ਹੋ ਸਕੀ । ਨਾ ਹੀ ਬਰਾਬਰ ਕੋਈ ਏਡਾ ਵੱਡਾ ਸੁਪਨਾ ਦਿੱਤਾ ਜਾ ਸਕਿਆ ਹੈ ਜਿਸ ਨਾਲ ਉਹ ਉਮੀਦਾਂ ਅਤੇ ਇਨ੍ਹਾਂ ਦੇ ਸੱਚ ਨਾ ਹੋ ਸਕਣ ਤੋਂ ਆਏ ਸੰਕਟ ਵਿਚ, ਨੌਜਵਾਨ ਕਿਸੇ ਹੋਰ ਦਿਸ਼ਾ ਵੱਲ ਵਧ ਸਕਦੇ ।

## ਸੰਕਟ ਤੋਂ ਮੁਕਤੀ

ਗੁਰੂ ਸਾਹਿਬਾਨ ਦੀ ਲਹਿਰ ਇਕ ਇਨਕਲਾਬ ਸੀ ਇਸ ਵਿਚ ਕੋਈ ਸੰਦੇਹ ਨਹੀਂ । ਰੂਸੀ ਲੇਖਕ ਰੌਸਤਿਸਲਾਵ ਉਲਿਆਨੋਵਸਕੀ ਨੇ ਆਪਣੀ 1981 ਵਿਚ ਮਾਸਕੋ ਤੋਂ ਛਪੀ ਪੁਸਤਕ 'ਅਗ੍ਰੇਰੀਅਨ ਇੰਡੀਆ ਬਿਟਵੀਨ ਦੀ ਵਰਲਡ ਵਾਰਜ਼' ਵਿਚ ਸਿੱਖ ਲਹਿਰ ਨੂੰ "ਇਨਕਲਾਬ" ਆਖਿਆ ਹੈ । ਇਨਕਲਾਬ ਕਿਸੇ ਦੇਸ਼ ਦੇ ਲੋਕਾਂ ਨੂੰ ਬਹੁ-ਪੱਖੀ ਸੰਕਟ ਤੋਂ ਮੁਕਤ ਕਰਵਾਉਂਦਾ ਹੈ । ਇਸ ਨਾਲ ਮੁਢਲੀਆਂ ਤਬਦੀਲੀਆਂ ਵਾਪਰਦੀਆਂ ਹਨ । ਜੋ ਸੰਸਥਾਵਾਂ, ਵਿਚਾਰ ਅਤੇ ਸੰਗਠਨ ਲੋਕਾਂ ਦੇ ਉਚਤਮ ਵਿਕਾਸ ਦੇ ਰਾਹ ਵਿਚ ਅੜਿਕਾ ਬਣਦੇ ਹਨ, ਉਨ੍ਹਾਂ ਨੂੰ ਤੋੜ-ਭੰਨ ਕੇ ਨਵੀਂ ਸਿਰਜਣਾ ਕੀਤੀ ਜਾਂਦੀ ਹੈ । ਇਸ ਸਦੀ ਵਿਚ ਰੂਸ ਅਤੇ ਚੀਨ ਵਿਚ ਆਏ ਇਨਕਲਾਬ ਇਸੇ ਪ੍ਰਕਾਰ ਹਨ । ਰੂਸ ਦੇ ਲੋਕ ਜ਼ਾਰਸ਼ਾਹੀ ਅਤੇ ਇਸ ਨਾਲ ਪਲ ਰਹੇ ਪੂੰਜੀਵਾਦ ਵਿਚ ਇਸ ਤਰ੍ਹਾਂ ਲੁਟ ਰਹੇ ਅਤੇ ਵਿਨਾਸ਼ ਹੋ ਰਹੇ ਸਨ ਕਿ ਉਨ੍ਹਾਂ ਦਾ ਹਰ ਪੱਖੋਂ ਵਿਕਾਸ ਰੁਕ ਗਿਆ ਸੀ । ਚੀਨ ਵਿਚ ਸਾਮੰਤੀ ਪ੍ਰਬੰਧ ਅਤੇ ਇਸ ਨਾਲ ਵੱਧ ਰਹੇ ਸਹਾਇਕ ਪੂੰਜੀਵਾਦ ਨੇ ਵੀ ਚੀਨੀ ਲੋਕਾਂ ਦੇ ਸਭਿਆਚਾਰਕ ਅਤੇ ਆਰਥਿਕ ਵਿਕਾਸ ਵਿਚ ਰੁਕਾਵਟ ਪੈਦਾ ਕਰ ਦਿੱਤੀ ਸੀ । ਲੈਨਿਨ ਨੇ ਰੂਸ ਵਿਚ ਅਤੇ ਮਾਓ ਨੇ ਚੀਨ ਵਿਚ ਇਨ੍ਹਾਂ ਸੰਕਝ ਸਥਿਤੀਆਂ ਤੋਂ ਲੋਕਾਂ ਨੂੰ ਮੁਕਤ ਕੀਤਾ । ਲੋਕਾਂ ਨੂੰ ਸੰਗਠਿਤ ਕਰ ਕੇ ਉਨ੍ਹਾਂ ਸਭ ਰਾਜਸੀ ਤਾਕਤਾਂ ਨੂੰ ਹਾਰ ਦਿੱਤੀ ਜੋ ਇਤਿਹਾਸ ਨੂੰ ਜੱਫਾ ਮਾਰ ਕੇ ਬੈਠੇ ਸਨ, ਜਿਨ੍ਹਾਂ ਨੇ ਇਤਿਹਾਸ ਦਾ ਪਹੀਆ ਜਾਮ ਕੀਤਾ ਹੋਇਆ ਸੀ ।

ਸਿੱਖ ਇਨਕਲਾਬ ਨੂੰ ਵਾਪਰਨ ਵਿਚ ਕੋਈ ਢਾਈ ਸੋ ਸਾਲ ਲੱਗੇ । ਇਹ ਸਮਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਬਾਬਾ ਬੰਦਾ ਬਹਾਦਰ ਤਕ ਦਾ ਹੈ । ਸਿੱਖ ਲਹਿਰ ਭਾਰਤ ਦੇ ਇਤਿਹਾਸ ਵਿਚ ਆਏ ਇਕ ਸੰਕਟ ਵਿਚੋਂ ਉਭਰੀ ਸੀ । ਇਹ ਸੰਕਟ ਮੁਗਲ ਸਲਤਨਤ ਅਤੇ ਉਸ ਸਮੇਂ ਦੇ ਅਧੋਗਤ ਬ੍ਰਾਹਮਣਵਾਦੀ ਸਮਾਜ ਦੀ ਪੈਦਾਵਾਰ ਸੀ । ਸਲਤਨਤ ਨੇ ਜਿਸ ਤਰ੍ਹਾਂ ਸੁਲਤਾਨ ਜਾਂ ਸ਼ਹਿਨਸ਼ਾਹ ਅਤੇ ਉਸ ਦੇ ਸਹਾਇਕ ਨਵਾਬਾਂ ਦੀ ਐਸ਼-ਇਸ਼ਰਤ ਲਈ ਸਮੁੱਚਾ ਅਰਥਚਾਰਾ ਸੰਗਠਿਤ ਕੀਤਾ ਸੀ ਉਸ ਵਿਚ ਕਿਸਾਨੀ ਦੀ ਬਹੁਤ ਮੰਦੀ ਹਾਲਤ ਸੀ । ਲੈ ਦੇ ਕੇ ਕਿਸਾਨ ਕੋਲ ਆਪਣੀ ਪੈਦਾਵਾਰ ਦਾ ਕੇਵਲ ਚਾਲੀ ਫੀਸਦੀ ਹੀ ਰਹਿ ਜਾਂਦਾ ਸੀ, ਕਈ ਵਾਰ ਇਸ ਤੋਂ ਵੀ ਘੱਟ । ਇਸ ਨਾਲ ਉਸ ਦਾ ਗੁਜ਼ਾਰਾ ਨਹੀਂ ਹੋ ਸਕਦੀ ਸੀ । ਉਤੋਂ ਜ਼ਮੀਨ ਉਤੇ ਮਾਲਕੀ ਉਸ ਦੀ ਨਹੀਂ ਸੀ । ਜਦੋਂ ਸਰਕਾਰ ਚਾਹੇ, ਖੋਹ ਲਵੇ । ਸੁਲਤਾਨ ਅਤੇ ਉਸ ਦੇ ਸਾਮੰਤੀ (ਜਾਗੀਰੂ) ਸਹਾਇਕਾਂ ਨੇ ਵਪਾਰ ਲਈ ਵੀ ਕੁਝ ਪਰਿਵਾਰਾਂ ਨੂੰ ਹੀ ਪਾਲਿਆ ਹੋਇਆ ਸੀ । ਛੋਟੀ ਵਣਜ ਵਾਲ਼ੇ, ਵਿਸ਼ੇਸ਼ ਕਰਕੇ ਨਗਰਾਂ ਵਿਚ ਰਹਿਣ ਵਾਲੇ ਕਾਫੀ ਔਖੇ ਸਨ ।

ਮੁਗਲ ਸਲਤਨਤ ਦੇ ਅਰਥਚਾਰੇ ਵਿਚ ਕਿਸਾਨ ਅਤੇ ਛੋਟੇ ਵਣਜ ਵਾਲੇ ਬਰਾਬਰ ਦੁਖੀ ਸਨ । ਇਸ ਦੁੱਖ ਨੂੰ ਨਿਪੁੰਸਕ ਜਾਂ ਨਾਮਰਦ ਬਣਾਉਣ ਵਿਚ ਹਿੰਦੂ ਵਰਗ-ਪ੍ਰਬੰਧ ਅਤੇ ਵੇਦਾਂਤਕ ਪ੍ਰਕਾਰ ਦੀ ਕਰਮਵਾਦੀ ਵਿਚਾਰਧਾਰਾ ਹੋਰ ਸਹਾਇਤਾ ਕਰ ਰਹੇ ਸਨ । ਸਮੁੱਚਾ ਸਮਾਜ ਲੋਟੂ ਅਰਥਚਾਰੇ ਅਤੇ ਨਿਪੁੰਸਕ ਵਿਚਾਰਧਾਰਾ ਦਾ ਦੀਰਘ ਸ਼ਿਕਾਰ ਸੀ । ਗੁਰੂ ਸਾਹਿਬਾਨ ਦੀ ਇਨਕਲਾਬੀ ਵਿਸ਼ੇਸ਼ਤਾ ਇਸ ਵਿਚ ਸੀ ਕਿ ਉਨ੍ਹਾਂ ਨੇ ਮੁਗਲਾਂ ਦੇ ਅਰਥਚਾਰੇ ਦੇ ਸਭ ਤੋਂ ਵੱਡੇ ਅਧਿਕਾਰੀ ਉਤੇ ਹਮਲਾ ਕੀਤਾ । ਉਨ੍ਹਾਂ ਮੁਗਲ ਪਾਤਸ਼ਾਹ ਜਾਂ ਸੁਲਤਾਨ ਨੂੰ "ਕੂੜਿ" ਆਖਿਆ । ਉਸ ਦੇ ਲੋਟੂ ਅਹਿਲਕਾਰਾਂ ਅਤੇ ਸਹਾਇਕਾਂ ਨੂੰ "ਕੁੱਤੇ" ਕਿਹਾ । ਇਨ੍ਹਾਂ ਝੂਠੇ ਅਤੇ "ਕੁੱਤੇ" ਲੋਟੂਆਂ ਦੇ ਬਰਾਬਰ "ਸੱਚੇ ਪਾਤਸ਼ਾਹ" ਦਾ ਸੰਕਲਪ ਦਿੱਤਾ । ਇਹ ਸੱਚਾ ਪਾਤਸ਼ਾਹ ਸਭ ਤੋਂ ਉਪਰ ਹੈ, ਨਿਰਭੈ ਹੈ । ਤਲਵਾਰ ਵੀ ਇਸ ਦਾ ਇਕ ਰੂਪ ਹੈ । ਇਹ ਸੱਚਾ ਪਾਤਸ਼ਾਹ ਆਪਣੇ "ਭਗਤਾਂ" ਦਾ ਜਾਂ "ਗੁਰਮੁਖਾਂ" ਦੀ ਰੱਖਿਆ ਕਰਦਾ ਹੈ ਅਤੇ ਦੁਸ਼ਟਾਂ ਦਾ ਨਾਸ਼ ਕਰਦਾ ਹੈ ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸੁਲਤਾਨ ਅਤੇ ਉਸ ਦੀ ਉਪਰ ਤੋਂ ਥੱਲੇ ਤੱਕ ਦੀ ਪੂਰੀ ਮੰਡਲੀ ਉਤੇ ਯੋਜਨਾਬੱਧ ਹਮਲਾ ਹੈ । ਬਾਕੀ ਗੁਰੂ ਸਾਹਿਬਾਨ ਨੇ ਵੀ ਆਪਣੇ ਪਿਛੋਂ ਲਿਖੀ ਬਾਣੀ ਵਿਚ ਇਹ ਹਮਲਾ ਕਰਨ ਵਾਲੇ ਅਤੇ ਇਸ ਵਿਚ ਜਿੱਤ ਹਾਸਲ ਕਰਨ ਵਾਲੇ ਮਨੁੱਖ ਦੀ ਸਿਰਜਣਾ ਉਤੇ ਜ਼ੋਰ ਦਿੱਤਾ । ਇਸ ਦੀ ਬਣਤਰ, ਮੂਲ ਰੂਪ ਵਿਚ, ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਦੇ ਗਏ ਸਨ । ਇਹ ਮਨੁੱਖ ਸੀ "ਗੁਰਮੁਖ" । ਬਾਕੀ ਗੁਰੂਆਂ ਨੇ ਗੁਰਮੁਖ ਅਤੇ ਇਸ ਦੇ ਵਿਰੋਧੀ ਮਨਮੁੱਖ ਦੇ ਚਰਿਤਰਾਂ ਅਤੇ ਵਿਸਥਾਰ ਨਾਲ ਲਿਖਿਆ । ਇਨ੍ਹਾਂ ਨਵੀਆਂ ਸੋਚਾਂ ਨਾਲ ਗੁਰੂ ਸਾਹਿਬਾਨ ਨੇ ਵਿਚਾਰਧਾਰਕ ਤੌਰ 'ਤੇ ਨਵਾਂ ਇਨਸਾਨ ਪੈਦਾ ਕੀਤਾ ਜੋ ਮੁਗਲ ਸਲਤਨਤ ਨਾਲ ਟੱਕਰ ਲੈਣ ਅਤੇ ਜ਼ਾਤ-ਪਾਤ ਦੇ ਬ੍ਰਾਹਮਣਵਾਦੀ ਸਮਾਜ ਨੂੰ ਉਲਟਾਉਣ ਦੇ ਯੋਗ ਸੀ । ਜਦੋਂ ਗੁਰੂ ਹਰਿਗੋਬਿੰਦ ਨੇ 1606 ਈ. ਵਿਚ ਅਕਾਲ ਤਖਤ ਬਣਾ ਕੇ ਮੀਰੀ-ਪੀਰੀ ਨੂੰ ਇਕ ਕਰ ਦਿੱਤਾ ਤਾਂ ਇਹ ਰਚੇ ਗਏ ਇਨਕਲਾਬੀ ਇਨਸਾਨ ਦੇ ਐਕਸ਼ਨ ਪਰੋਗਰਾਮ ਦਾ ਐਲਾਨ ਸੀ । ਇਸ ਨਵੇਂ ਉਭਰ ਰਹੇ ਇਨਕਲਾਬੀ ਪੁਰਸ਼ ਨੇ ਇਕ ਨਵੇਂ ਬਦਲ, ਇਕ ਨਵੇਂ ਪ੍ਰਬੰਧ ਦੀ ਨੀਂਹ ਧਰਨੀ ਸੀ । 1708 ਈ. ਵਿਚ ਆਨੰਦਪੁਰ ਸਾਹਿਬ ਵਿਚ ਇਹ ਨੀਂਹ ਧਰੀ ਗਈ ।

ਗੁਰੂ ਗੋਬਿੰਦ ਸਿੰਘ ਜੀ ਨੇ ਪਾਹੁਲ ਛਕਾ ਕੇ ਇਕ ਨਵੇਂ ਇਨਕਲਾਬੀ ਪ੍ਰਬੰਧ ਜਾਂ ਸੰਗਠਨ ਦਾ ਐਲਾਨ ਕਰ ਦਿੱਤਾ । ਇਸ ਦਾ ਨਾਂ "ਖਾਲਸਾ" ਰੱਖਿਆ ਗਿਆ । ਵੱਖ ਵੱਖ ਜਾਤਾਂ ਅਤੇ ਖਿਤਿਆਂ ਵਿਚੋਂ ਚੁਣੇ ਪੰਜ ਪਿਆਰਿਆਂ ਅੱਗੇ ਆਪਣੇ ਆਪ ਨੂੰ ਸਮਰਪਿਤ ਕਰ ਕੇ ਗੁਰੂ ਸਾਹਿਬ ਨੇ ਸਥਾਪਿਤ ਕਰ ਦਿੱਤਾ ਕਿ ਇਹ ਨਵਾਂ ਸੰਗਠਨ ਇਕ-ਪੁਰਖੀ ਰਾਜ ਤੋਂ ਮੁਕਤ, ਸਮੂਹਵਾਦੀ, ਕਿਰਤ ਅਤੇ ਬਰਾਬਰੀ ਉਤੇ ਆਧਾਰਿਤ ਹੋਵੇਗਾ । ਇਸ ਦੀ ਅਧਿਆਤਮਿਕ ਲੀਡਰਸ਼ਿਪ ਗੁਰੂ ਗ੍ਰੰਥ ਸਾਹਿਬ ਕੋਲ ਹੋਵੇਗੀ । ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਅਤੇ ਇਸ ਉਤੇ ਆਧਾਰਿਤ ਰਾਜਨੀਤਕ ਦਿਸ਼ਾ ਦਾ ਫੈਸਲਾ ਸਮੁੱਚਾ ਪੰਥ ਕਰੇਗਾ ।

ਫਰਾਂਸ ਦੇ ਇਨਕਲਾਬ ਤੋਂ 90 ਸਾਲ ਪਹਿਲਾਂ ਅਤੇ ਰੂਸੀ ਇਨਕਲਾਬ ਤੋਂ 218 ਸਾਲ ਪਹਿਲਾਂ ਆਨੰਦਪੁਰ ਸਾਹਿਬ ਵਿਚ ਵਾਪਰੀ ਇਹ ਘਟਨਾ ਮਨੁੱਖੀ ਇਤਿਹਾਸ ਵਿਚ ਇਕ ਚਮਤਕਾਰ ਹੈ । ਮਨੁੱਖ ਦੀ ਇਕ ਅਦੁੱਤੀ ਪ੍ਰਾਪਤੀ ਹੈ । ਗੌਰਵ ਵਾਲੀ ਗੱਲ ਇਹ ਹੈ ਕਿ ਸਿੱਖ ਇਨਕਲਾਬ ਸਿਖਰ ਉਤੇ ਲਿਆ ਕੇ ਇਸ ਨੂੰ ਇਕ ਪੂਰਨ ਰਾਜਨੀਤਕ ਵਿਦਰੋਹ ਅਤੇ ਅੰਤਮ ਐਕਸ਼ਨ ਵਿਚ ਬਦਲਣ ਤੋਂ ਪਹਿਲਾਂ ਕੋਈ ਦੋ ਸੌ ਸਾਲ ਤੱਕ ਵਿਚਾਰਧਾਰਕ ਤਬਦੀਲੀ ਲਿਆਂਦੀ ਗਈ । ਇਕ ਨਵੇਂ ਮਾਨਸਿਕ ਅਤੇ ਸਰੀਰਕ ਪ੍ਰਬੰਧ ਵਾਲਾ ਇਨਸਾਨ ਰਚਿਆ ਗਿਆ । ਇਸ ਦੀਆਂ ਰਗਾਂ ਵਿਚ ਦੌੜਨ ਵਾਲਾ ਖੂਨ ਇਕ ਨਵੇਂ ਮਾਡਲ ਤੋਂ ਪ੍ਰੇਰਣਾ ਲੈਂਦਾ ਸੀ । ਇਸ ਵਿਚਿੱਤਰਤਾ ਕਾਰਨ ਹੀ ਇਹ ਇਨਕਲਾਬੀ ਇਨਸਾਨ ਸਮਝੌਤਾਵਾਦੀ ਨਹੀਂ ਹੋ ਸਕਦਾ ਸੀ । ਹਰਬਰਟ ਮਾਰਕੂਜ਼ੇ ਨੇ 'ਐਨ ਐਸੇ ਔਨ ਲਿਬਰੇਸ਼ਨ' ਵਿਚ ਠੀਕ ਲਿਖਿਆ ਹੈ ਕਿ ਮਨ ਅਤੇ ਸਰੀਰ ਦੇ ਇਕ ਨਵੇਂ ਸੰਯੋਗ ਤੋਂ ਬਿਨਾਂ ਪਰਮਾਣਿਕ ਇਨਕਲਾਬੀ ਬਣਨਾ ਕਠਿਨ ਹੈ । ਸਮੁੱਚੇ ਹਾਵ-ਭਾਵ (ਰੈਸਪੌਂਸ ਸਿਸਟਮ) ਬਦਲਣ ਦੀ ਲੋੜ ਹੈ । ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਿੱਖ ਗੁਰੀਲੇ ਸੌ ਸਾਲ ਤੱਕ ਜੰਗਲਾਂ ਵਿਚ ਰਹਿ ਕੇ ਮੁਗਲਾਂ ਅਤੇ ਵਿਦੇਸ਼ੀ ਧਾੜਵੀਆਂ ਨਾਲ ਲੜਦੇ ਰਹੇ । ਇਸ ਤਰ੍ਹਾਂ ਦੀ ਲੜਾਈ ਲਈ ਜਨੂੰਨ ਦੀ ਹੱਦ ਤੱਕ ਵਚਨ-ਬੱਧਤਾ ਚਾਹੀਦੀ ਹੈ ਜੋ ਇਸ ਇਨਕਲਾਬੀ ਕੋਲ ਸੀ ।

## ਗੌਰਵਸ਼ੀਲ

ਸਿੱਖ ਮਿਸਲਾਂ ਨੇ ਅਤੇ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਘਮਸਾਣ ਦੇ ਯੁੱਧਾਂ ਨਾਲ ਆਖਰ ਉਤਰੀ ਹਿੰਦ ਵਿਚ ਇਕ ਨਵਾਂ ਰਾਜ ਸਥਾਪਿਤ ਕਰ ਲਿਆ । ਰਣਜੀਤ ਸਿੰਘ ਨੂੰ ਕੋਈ ਸੱਤਰ ਸਾਲ ਇਲਾਕੇ ਜਿੱਤ ਕੇ ਰਾਜ ਪੱਕਾ ਕਰਨ ਵਿਚ ਹੀ ਲੱਗ ਗਏ । ਭਾਵੇਂ ਉਸ ਨੇ ਆਪਣੇ ਰਾਜ ਵਿਚ ਧਰਮ, ਵਿਚਾਰ ਪੱਖੋਂ ਕਿਸੇ ਨਾਲ ਕੋਈ ਵਿਤਕਰਾ ਨਾ ਕੀਤਾ, ਆਪਣੇ ਮੰਤਰੀ ਮੰਡਲ ਵਿਚ ਵੀ ਕਈ ਧਰਮਾਂ ਦੇ ਪ੍ਰਤੀਨਿਧ ਰੱਖੇ, ਫੌਜੀ ਟਰੇਨਿੰਗ ਲਈ ਵਿਦੇਸ਼ੀਆਂ ਨੂੰ ਵੀ ਲਾਇਆ ਪਰ ਸਿੱਖ ਇਨਕਲਾਬ ਦਾ ਇਕ ਗੌਰਵਸ਼ੀਲ ਵਾਅਦਾ ਉਹ ਵੀ ਪੂਰਾ ਨਾ ਕਰ ਸਕਿਆ । ਉਹ ਸੀ ਅਜਿਹਾ ਅਰਥਚਾਰਾ ਰਚਣਾ ਜਿਸ ਵਿਚ ਬਰਾਬਰੀ ਹੋਵੇ । ਭਾਵੇਂ ਕਿਸਾਨਾਂ ਨਾਲ ਹਮਦਰਦੀ, ਟੈਕਸਾਂ ਵਿਚ ਰਾਹਤ ਆਦਿ ਦੀਆਂ ਸਭ ਮਿਸਾਲਾਂ ਮੌਜੂਦ ਹਨ ਪਰ ਸ਼ਾਇਦ ਵਕਤ ਦੀ ਘਾਟ ਕਾਰਨ ਅਤੇ ਕੁਝ ਆਧੁਨਿਕ ਕਿਸਮ ਦੇ ਵਿਗਿਆਨਾਂ ਦੇ ਘੱਟ ਵਿਕਸਤ ਹੋਣ ਕਾਰਨ ਉਹ ਬਰਾਬਰੀ ਦੇ ਵਾਅਦੇ ਨੂੰ ਨਵਾਂ ਅਰਥਚਾਰਾ ਦੇ ਕੇ ਪੂਰਾ ਨਾਂ ਕਰ ਸਕਿਆ । ਭੂਮੀ-ਵਾਹੀ ਉਵੇਂ ਹੀ ਕਾਇਮ ਰਹੀ ।

ਅੰਗਰੇਜ਼ ਸਾਮਰਾਜ ਦੇ ਆਉਣ ਉਤੇ ਪੰਜਾਬੀ ਕਿਸਾਨਾਂ ਨੇ ਭੂਮੀਦਾਰੀ ਵਿਰੁਧ ਅਸੰਤੋਸ਼ ਪ੍ਰਗਟ ਕੀਤਾ । ਅੰਗਰੇਜ਼ਾਂ ਨੇ ਪਹਿਲਾਂ ਤਾਂ ਪੰਜਾਬ ਦੇ ਸਧਾਰਨ ਕਿਸਾਨ ਨੂੰ ਖੁਸ਼ ਕਰਨ ਲਈ ਵੱਡੀ ਜ਼ਿਮੀਦਾਰੀ ਜਾਂ ਅਸਟੇਟ ਖਤਮ ਕੀਤੀ ਪਰ ਪਿਛੋਂ ਫੇਰ ਬਹਾਲ ਕਰ ਦਿੱਤੀ ਤਾਂ ਕਿ ਸਿੱਖ ਭੂਮੀਪਤੀਆਂ ਨੂੰ ਵਰਤਿਆ ਜਾ ਸਕੇ । ਫਿਰ ਸਾਮਰਾਜੀਆਂ ਨੇ ਜਿਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਨੂੰ ਨੀਮ ਜਾਂ ਪੂਰੇ ਜਾਗੀਰਦਾਰੀ ਐਸ਼ਾਂ ਨਾਲ ਆਪਣੀ ਲੋਟੂ ਆਰਥਿਕਤਾ ਦਾ ਹਿਸਾ ਬਣਾਇਆ, ਉਸ ਨਾਲ ਕਿਸਾਨ ਕੋਲ ਆਪਣੀ ਪੈਦਾਵਾਰ ਦਾ ਪੰਜਵਾਂ ਹਿਸਾ ਹੀ ਬਚਣ ਲੱਗਾ । ਬਹੁਤੇ ਛੋਟੇ ਕਿਸਾਨ ਸੂਦ-ਖੋਰਾਂ ਅਤੇ ਆੜ੍ਹਤੀਆਂ ਦੇ ਗੁਲਾਮ ਹੋ ਗਏ ।

ਵੰਡ ਤੋਂ ਪਿਛੋਂ ਉਮੀਦ ਸੀ ਕਿ ਆਜ਼ਾਦ ਭਾਰਤ ਵਿਚ ਅਜਿਹੀ ਆਰਥਿਕਤਾ ਉਸਾਰੀ ਜਾਵੇਗੀ ਜੋ ਪੰਜਾਬ ਦੇ ਸਧਾਰਨ ਕਿਸਾਨ ਅਤੇ ਨਿਮਨ ਮੱਧ ਵਰਗ ਨੂੰ ਰਾਹਤ ਦੇ ਸਕੇ । ਪਰ "ਸਮਾਜਵਾਦ" ਦੇ ਨਾਅਰੇ ਦੇ ਬਾਵਜੂਦ ਜਾਗੀਰਦਾਰੀ ਅੰਸ਼ਾਂ ਨਾਲ ਸਮਝੌਤਾ ਕਰਕੇ ਪੂੰਜੀਪਤੀ ਅਰਥਚਾਰਾ ਖੜ੍ਹਾ ਕਰ ਦਿੱਤਾ ਗਿਆ । ਇਸ ਅਰਥਚਾਰੇ ਵਿਚ ਸਧਾਰਨ ਕਿਸਾਨ ਅਤੇ ਨਿਮਨ ਮੱਧ ਵਰਗਾਂ ਦੀ ਹਾਲਤ ਬਹੁਤੀ ਠੀਕ ਨਹੀਂ ਹੋਈ । ਜਿਸ ਅਨੁਪਾਤ ਨਾਲ ਦੇਸ਼ ਦੀ ਪੂੰਜੀ ਵਧੀ ਹੈ, ਉਸ ਅਨੁਸਾਰ ਇਨ੍ਹਾਂ ਵਰਗਾਂ ਦੀ ਆਮਦਨ ਵਿਚ ਵਾਧਾ ਨਹੀਂ ਹੋਇਆ । ਸਗੋਂ ਜ਼ਮੀਨ ਦੀ ਪੈਦਾਵਾਰ ਅਤੇ ਇਸ ਦੀਆਂ ਵੱਧ ਪੂੰਜੀ ਨਾ ਕਰਨ ਦੀਆਂ ਸੀਮਿਤ ਸੰਭਾਵਨਾਵਾਂ ਦਾ ਗਿਆਨ ਹੋਰ ਵਧਿਆ ਹੈ ।

ਜਿਸ ਆਰਥਿਕ ਅਤੇ ਰਾਜਨੀਤਕ ਬਰਾਬਰੀ ਦਾ ਵਾਅਦਾ ਸਿੱਖ ਇਨਕਲਾਬ ਨੇ ਦਿੱਤਾ ਸੀ ਉਹ ਨਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੇ ਪੂਰਾ ਕੀਤਾ, ਨਾ ਅੰਗਰੇਜ਼ੀ ਸਾਮਰਾਜ ਨੇ ਅਤੇ ਨਾ ਹੀ ਆਜ਼ਾਦ ਭਾਰਤ ਦੇ ਅਰਥਚਾਰੇ ਨੇ । ਪੈਦਾ ਹੋਣ ਵਾਲੀ ਪੂੰਜੀ ਦਾ ਬਹੁਤਾ ਹਿਸਾ ਇਕੋ ਜਮਾਤ ਹੀ ਹੜੱਪ ਕਰ ਰਹੀ ਹੈ ।

ਅੱਜ ਚਲ ਰਹੀ ਜੁਝਾਰੂ ਸਿੱਖ ਨੌਜਵਾਨਾਂ ਦੀ ਲਹਿਰ ਜਿਸ ਇਤਿਹਾਸ ਅਤੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ ਉਹ ਇਸ ਵਾਅਦੇ ਨੂੰ ਪੂਰਿਆਂ ਕਰਨ ਨਾਲ ਸਬੰਧਤ ਹੈ । ਨਵੀਂ ਸਿੱਖਿਆ ਨੇ ਨੌਜਵਾਨਾਂ ਦੀ ਇਸ ਬਾਰੇ ਸੰਵੇਦਨਾ ਨੂੰ ਹੋਰ ਵੀ ਵਧਾ ਦਿੱਤਾ ਹੈ ।

ਇਸ ਤੋਂ ਵੀ ਵੱਧ ਇਹ ਕਿ ਜੁਝਾਰੂ ਸਿੱਖ ਇਨਕਲਾਬ ਵਿਚ ਰਚੇ ਗਏ ਉਸ ਇਨਸਾਨ ਦੇ ਉਤਾਰਧਿਕਾਰੀ ਹਨ ਜੋ ਨਵੇਂ ਅਰਥਚਾਰੇ ਦੇ ਖੁਆਬ ਦੇ ਨਾਲ ਇਕ ਬਦਲੇ ਹੋਏ ਮਾਨਸਿਕ ਅਤੇ ਸਰੀਰਕ ਸੰਯੋਗ ਦਾ ਵੀ ਮਾਲਕ ਹੈ । ਇਸ ਨੂੰ "ਸਹਜ" ਅਤੇ "ਆਤਮ ਰਸਿ" ਵਿਚ ਰਹਿਣ ਦਾ ਉਚਾ ਆਦਰਸ਼ ਦਿੱਤਾ ਗਿਆ ਹੈ । ਇਹ ਆਦਰਸ਼ ਪੂੰਜੀਵਾਦ ਦੇ ਸ਼ਖਸੀਅਤ ਨੂੰ ਵੰਡਣ ਖਿਲਾਰਨ ਅਤੇ ਤੋੜਨ-ਫੋੜਨ ਵਾਲੇ ਪ੍ਰਬੰਧ ਵਿਚ ਫਲ ਨਹੀਂ ਸਕਦਾ । ਇਸ ਲਈ ਜੁਝਾਰੂਆਂ ਦੇ ਵਿਦਰੋਹ ਦੀਆਂ ਜੜ੍ਹਾਂ

→


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

NIRMAL (NEIL) DHALIWAL
Bus: 588-9955 Res: 597-2069



Call

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully


● ਇਕ ਸ਼ਰਾਬੀ ਨੇ ਦੂਜੇ ਨੂੰ ਕਿਹਾ, ਦੇਸੀ ਰੂੜੀ ਮਾਰਕਾ ਘਟੀਆ ਸ਼ਰਾਬ ਪੀ ਕੇ ਸਿਹਤ ਕਿਉਂ ਖਰਾਬ ਕਰਨੈਂ?

ਇਸ ਤੇ ਦੂਜੇ ਸ਼ਰਾਬੀ ਆਖਿਆ "ਸਿਰ ਨੂੰ ਹੀ ਤਾਲਾ ਮਾਰਨਾ ਹੈ ਉਹ ਚਾਹੇ ਪੰਦਰਾਂ ਵੀਹ ਰੁਪੇ ਦਾ ਮਾਰੋ ਜਾਂ ਦੋ ਚਾਰ ਰੁਪਏ ਦਾ।

● ਬੰਬਈ ਇਕ ਬੰਦੇ ਕੋਲ ਰਹਿਣ ਦੀ ਆਪਣੀ ਕੋਈ ਥਾਂ ਨਹੀਂ ਸੀ । ਉਹ ਕਿਸੇ ਮੋਟਰ ਗੈਰਜ ਵਿਚ ਰਹਿੰਦਾ ਸੀ ਜਿਥੇ ਉਸਨੂੰ ਭੁੰਜੇ ਹੀ ਸੌਣਾ ਪੈਂਦਾ ਸੀ।

ਪੰਜਾਬੀ ਸੂਬੇ ਦੀ ਲਹਿਰ ਵੇਲੇ ਇਕ ਜਲਸੇ ਵਿਚ ਉਸਨੇ ਤਾੜੀਆਂ ਦੀ ਗੂੰਜ ਵਿਚ ਐਲਾਨ ਕੀਤਾ "ਜਦੋਂ ਤੀਕ ਪੰਜਾਬੀ ਸੂਬਾ ਨਹੀਂ ਬਣਦਾ ਮੈਂ ਭੁੰਜੇ ਹੀ ਸੌਂਵਾਂਗਾ।"

# ਪ੍ਰਗਤੀਸ਼ੀਲ ਲਿਖਾਰੀ ਸਭਾ ਵਲੋਂ ਸਾਊਥਾਲ ਵਿਚ ਪੰਜਾਬੀ ਸ਼ਾਇਰ ਵਾਰਿਸ ਸ਼ਾਹ ਦਾ ਉਰਸ

**ਕੇ. ਸੀ. ਮੋਹਨ**

ਸਾਊਥਾਲ — 1980 ਵਿਚ ਪਹਿਲਾ ਵਿਸ਼ਵ ਪੰਜਾਬੀ ਸੰਮੇਲਨ ਤੇ ਜੂਨ 1987 ਵਿਚ ਯੂਰਪੀਨ ਪੰਜਾਬੀ ਕਾਨਫਰੰਸ ਕਰਵਾਉਣ ਵਾਲੀ ਸਾਊਥਾਲ ਦੀ ਪ੍ਰਗਤੀਸ਼ੀਲ ਲਿਖਾਰੀ ਸਭਾ ਨੇ ਹੁਣ 13 ਸਤੰਬਰ ਦਿਨ ਐਤਵਾਰ ਨੂੰ ਪੰਜਾਬੀ ਸ਼ਾਇਰ ਵਾਰਿਸ ਸ਼ਾਹ ਦਾ ਉਰਸ ਮਨਾ ਕੇ ਵਲੈਤ ਦੇ ਸਾਹਿਤਕ ਹਲਕਿਆਂ ਵਿਚ ਇਕ ਨਵੀਂ ਪਿਰਤ ਕਾਇਮ ਕਰ ਦਿੱਤੀ ਹੈ। ਇਹ ਪਹਿਲੀ ਵਾਰੀ ਹੋਇਆ ਹੈ ਕਿ ਭਾਰਤ-ਪਾਕਿਸਤਾਨ ਤੋਂ ਬਾਹਰ ਕਾਇਮ ਹੋਈ ਕਿਸੇ ਜਥੇਬੰਦੀ ਨੇ ਪੰਜਾਬੀ ਦੇ ਇਸ ਮਹਾਨ ਸਪੂਤ ਨੂੰ ਯਾਦ ਕੀਤਾ ਹੋਵੇ।

ਪੁਰਾਣੇ ਸਾਊਥਾਲ ਦੇ ਨਵੇਂ ਬਣੇ ਡੁਮੀਨੀਅਨ ਸੈਂਟਰ ਵਿਚ ਬਾਅਦ ਦੁਪਹਿਰ ਸ਼ੁਰੂ ਹੋਏ ਇਸ ਪਰੋਗਰਾਮ ਵਿਚ ਭਾਰਤੀ ਪੰਜਾਬੀਆਂ ਤੋਂ ਬਿਨਾਂ ਪਾਕਿਸਤਾਨੀ ਪੰਜਾਬੀ ਭਾਈ ਵੀ ਵਧ ਚੜ੍ਹ ਕੇ ਸ਼ਾਮਲ ਹੋਏ। ਸਾਊਥਾਲ ਤੋਂ ਇਲਾਵਾ ਬਰਮਿੰਘਮ, ਕਾਵੈਂਟਰੀ, ਰੈਡਿੰਮ, ਈਸਟ ਲੰਡਨ, ਬੈਂਡਫੋਰਡ ਤੋਂ ਵੀ ਪੰਜਾਬੀ ਪਿਆਰੇ ਪਧਾਰੇ।

ਸਭਾ ਦੇ ਸਕੱਤਰ ਕੇ ਸੀ ਮੋਹਨ ਹੋਰਾਂ ਦੂਰੋਂ ਦੂਰੋਂ ਚੱਲਕੇ ਆਏ ਸਾਹਿਤ ਪ੍ਰੇਮੀਆਂ ਦਾ ਸਭਾ ਵਲੋਂ ਸਵਾਗਤ ਕੀਤਾ ਤੇ ਸਭਾ ਵਲੋਂ ਵਾਰਿਸ ਸ਼ਾਹ ਦੇ ਉਰਸ ਮਨਾਉਣ ਦੇ ਉਪਰਾਲੇ ਬਾਰੇ ਸੰਖੇਪ 'ਚ ਦੱਸਿਆ। ਸਮਾਗਮ ਦੀ ਪ੍ਰਧਾਨਗੀ ਭਾਰਤ ਤੋਂ ਆਏ ਜਾਣੇ ਪਛਾਣੇ ਲੇਖਕ ਡਾ: ਕੇਵਲ ਧੀਰ ਹੋਰਾਂ ਕੀਤੀ। ਕੌਂਸਲਰ ਰਣਜੀਤ ਧੀਰ ਹੋਰਾਂ ਡਾ: ਕੇਵਲ ਧੀਰ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਸਭਾ ਦੇ ਪ੍ਰਧਾਨ ਦਰਸ਼ਨ ਢਿੱਲੋਂ ਅਤੇ ਅਜਮੇਰ ਕਾਵੈਂਟਰੀ ਹੋਰਾਂ ਦੇ ਸਟੇਜ ਤੇ ਬਿਰਾਜਮਾਨ ਹੋ ਜਾਣ ਬਾਅਦ ਪਰੋਗਰਾਮ ਦੇ ਸ਼ੁਰੂ ਵਿਚ ਪਾਕਿਸਤਾਨੀ ਪੰਜਾਬੀ ਕਵੀ ਹਮਰਾਜ ਅਹਿਸਨ ਹੋਰਾਂ ਵਾਰਿਸ ਸ਼ਾਹ ਦੀ ਕਵਿਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਫਿਰ ਪੰਜਾਬੀ ਦੇ ਵਿਅੰਗ ਤੇ ਹਾਸਰਸ ਲੇਖਕ ਸ਼ੇਰ ਜੰਗ ਜਾਂਗਲੀ ਹੋਰਾਂ ਵਾਰਿਸ ਸ਼ਾਹ ਨਾਲ ਸੰਬੰਧਤ ਇਕ ਛੋਟਾ ਨਾਟਕ 'ਉੜੇਂਗੇ ਪੁਰਜੇ' ਪੜ੍ਹਿਆ। ਨਾਟਕ ਦੀ ਮਜ਼ਾਹੀਆ ਰੰਗਤ ਨੇ ਸਰੋਤਿਆਂ ਦੀਆਂ ਹਸਾ ਹਸਾ ਕੇ ਬੱਖੀਆਂ ਦੂਖਣ ਲਗਾ ਦਿੱਤੀਆਂ। ਇਸ ਮਗਰੋਂ ਪੰਜਾਬੀ ਵਿਚਾਰਵਾਨ ਮਜ਼ਹਰ ਤਿਰਮਜ਼ੀ ਹੋਰਾਂ ਵਾਰਿਸ ਸ਼ਾਹ ਦੀ ਸ਼ਾਇਰੀ ਬਾਰੇ ਜਾਣਕਾਰੀ ਤੇ ਡੂੰਘੇ ਵਿਸ਼ਲੇਸ਼ਣ ਭਰਪੂਰ ਇਕ ਪਰਚਾ ਪੜ੍ਹਿਆ।

ਮੁੱਖ ਪਰਚਾ ਪਾਕਿਸਤਾਨ ਦੇ ਮੰਨੇ ਪ੍ਰਮੰਨੇ ਸਿਆਸੀ ਤੇ ਸਾਹਿਤਕ ਸੂਝਵਾਨ ਪ੍ਰੋ: ਅਮੀਨ ਮੁਗਲ ਹੋਰਾਂ ਪੜ੍ਹਿਆ। ਉਨ੍ਹਾਂ "ਵਾਰਿਸ ਸ਼ਾਹ ਦੀ ਅਜ਼ਮਤ" ਦੇ ਸਿਰਲੇਖ ਹੇਠ ਪੰਜਾਬੀ ਦੇ ਮਹਾਨ ਕਵੀ ਦੀ ਉਦੋਂ ਦੇ ਪੰਜਾਬ ਦੀ ਕਲਚਰਲ, ਬੌਧਿਕ, ਸਮਾਜਿਕ ਤੇ ਸਿਆਸੀ ਪਕੜ ਬਾਰੇ ਆਪਣੇ ਪਰਚੇ ਵਿਚ ਬਿਆਨਿਆ ਤੇ ਵਾਰਿਸ ਸ਼ਾਹ ਦੀ ਕਵਿਤਾ ਬਾਰੇ ਰੌਚਕ ਹਵਾਲੇ ਦਿੱਤੇ।

ਸਟੇਜ ਤੇ ਬੈਠੇ ਅਜਮੇਰ ਕਾਵੈਂਟਰੀ ਹੋਰਾਂ ਵੀ ਕੁਝ ਸਮੇਂ ਲਈ ਆਪਣੇ ਵਿਚਾਰ ਪੇਸ਼ ਕੀਤੇ। ਪਰੋਗਰਾਮ ਦੇ ਦੂਜੇ ਦੌਰ ਵਿਚ ਦੇਵਿੰਦਰ ਨੌਰਾ, ਅਵਤਾਰ ਤੇ ਲਤਾਫਤ ਅਲੀ ਹੋਰਾਂ ਹੀਰ ਗਾ ਕੇ ਸਰੋਤਿਆਂ ਦੇ ਮਨ ਮੋਹ ਲਏ।

ਇਸ ਯਾਦਗਾਰੀ ਸਮਾਗਮ ਵਿਚ ਸ਼ਾਮਲ ਹੋਣ ਲਈ ਰੈਡਿੰਮ ਤੋਂ ਆਏ ਜਥੇ ਵਿਚ ਹਰਜੀਤ ਦੌਧਰੀਆ, ਤਰਸੇਮ ਮਾਹਲ, ਗੁਲਜ਼ਾਰ ਸਿੰਘ ਅੰਮ੍ਰਿਤ, ਈਸਟ ਲੰਡਨ ਵਾਲੇ ਵਿਚ ਮੱਖਣ ਸਿੰਘ ਮਰਗਿੰਦ, ਪ੍ਰੀਤਮ ਸਿੰਘ ਕੈਂਥੇ, ਕਾਵੈਂਟਰੀ ਵਾਲੇ ਵਿਚ ਦੇਵਿੰਦਰ ਨੌਰਾ ਤੇ ਅਜਮੇਰ ਤੋਂ ਬਿਨਾਂ ਸਾਥੀ ਦਿਲਬਾਗ ਸਿੰਘ ਵੀ ਬੈਡਫੋਰਡ ਤੋਂ ਸੁਖਦੇਵ ਸਿੱਧੂ, ਬਰਮਿੰਘਮ ਤੋਂ ਹਰੀਸ਼ ਮਲਹੋਤਰਾ, ਬਸੰਤ ਸਿੰਘ ਬਸੰਤ ਸ਼ਾਮਲ ਸਨ। ਹੋਰ ਬਹੁਤ ਸਾਰੇ ਪੰਜਾਬੀ ਪਿਆਰਿਆਂ ਤੋਂ ਬਿਨਾਂ ਕੌਂਸਲਰ ਵੀਰੇਂਦਰ ਸ਼ਰਮਾ, ਰਾਜ ਖੇਤੀ, ਗੁਲਸ਼ਨ ਖੰਨਾ, ਜੋਗਿੰਦਰ ਸ਼ਮਸ਼ੇਰ, ਮਿਸਿਜ਼ ਪਰਕਾਸ਼ ਸ਼ਮਸ਼ੇਰ, ਚਰਨਜੀਤ ਕੌਰ ਅਰੋੜਾ, ਸਤਵਿੰਦਰ ਕੌਰ ਉਪਲ, ਅਲੀ ਜਫਰ, ਜਸਬੀਰ ਬਾਠ, ਸੁਖਦੇਵ ਔਜਲਾ, ਗਿਆਨੀ ਦਰਸ਼ਨ ਸਿੰਘ, ਆਸ਼ੂਰ ਕਾਜ਼ਮੀ, ਪੰਡਤ ਵਿਸ਼ਨੂੰ ਦੱਤ ਸ਼ਰਮਾ, ਅਮਰਜੀਤ ਚੰਦਨ, ਸੁੱਖ ਰਾਓ, ਮਿਸਿਜ਼ ਪਰਮਜੀਤ ਖੰਨਾਂ, ਇਕਬਾਲ ਸਿੰਘ ਬੈਂਸ, ਸਵਰਨ ਸਿੰਘ, ਗੁਰਬਚਨ ਸਿੰਘ ਅਟਵਾਲ, ਸਰਬਣ ਸਿੰਘ, ਬਲਵਿੰਦਰ ਸੰਧੂ, ਪ੍ਰੇਮ ਪਾਲ ਸ਼ਰਮਾ, ਮੁਹੰਮਦ ਆਰਿਫ਼, ਗੁਰਦੇਵ ਸਮਰਾ, ਜ਼ਿਆ ਮਲਿਕ, ਪੰਕਜ ਸਿੰਘ, ਗੁਰਦਿਆਲ ਸਿੰਘ, ਹਰਬੰਸ ਮਰਵਾਹਾ, ਤਾਰਿਕ ਅਮੀਨ, ਬਹਾਦਰ ਸਾਥੀ, ਪ੍ਰੀਤਮ ਰਾਹੀ, ਸਵਰਨ ਚੰਦਨ, ਅਮੋਲਕ ਸਿੰਘ, ਬਲਵਿੰਦਰ, ਲਬਵਿੰਦਰ ਢਿਲੋਂ, ਸੋਹਣ ਰਾਹੀ, ਉਸ਼ਮਾ ਵੀ ਸ਼ਾਮਲ ਹੋਏ।

ਡਾ: ਕੇਵਲ ਧੀਰ ਹੋਰਾਂ ਆਪਣੇ ਪ੍ਰਧਾਨਗੀ ਬੋਲਾਂ 'ਚ ਕਿਹਾ, "ਐਸੇ ਪਰੋਗਰਾਮ ਤਾਂ ਪੰਜਾਬ ਵਿਚ ਵੀ ਨਹੀਂ ਹੁੰਦੇ। ਮੈਂ ਇਥੇ ਏਨੇ ਚੰਗੇ ਸਲੀਕੇ ਤੇ ਵਿਉਂਤ ਨਾਲ ਹੋਏ ਪਰੋਗਰਾਮ ਤੇ ਖੁਸ਼ ਤੇ ਹੈਰਾਨ ਹਾਂ। ਭਾਰਤੀ ਪੰਜਾਬੀਆਂ ਦੀ ਖੁਸ਼ਕਿਸਮਤੀ ਹੈ ਕਿ ਉਹ ਪਾਕਿਸਤਾਨੀ ਪੰਜਾਬੀ ਵੀਰਾਂ ਨਾਲ ਇਥੇ ਮਿਲ ਬਹਿੰਦੇ ਨੇ ਤੇ ਵਿਚਾਰ ਵਟਾਂਦਰਾ ਕਰਦੇ ਨੇ।"

ਪਾਕਿਸਤਾਨੀ ਪੰਜਾਬੀ ਭਾਈਆਂ ਨਾਲ ਰਾਬਤਾ ਕਾਇਮ ਕਰਨ ਤੇ ਵਾਰਿਸ ਸ਼ਾਹ ਦੀ ਵੱਡੀ ਤਸਵੀਰ ਤਿਆਰ ਕਰਵਾਉਣ ਲਈ ਅਮਰਜੀਤ ਚੰਦਨ ਦਾ ਯਤਨ ਸ਼ਲਾਘਾਯੋਗ ਸੀ।

ਇਸ ਕਿਸਮ ਦੇ ਪਹਿਲੇ ਪਰੋਗਰਾਮ ਦੀ ਸ਼ਾਨਦਾਰ ਕਾਮਯਾਬੀ ਬਾਅਦ ਸਭਾ ਦੇ ਸਕੱਤਰ ਕੇ ਸੀ ਮੋਹਨ ਹੋਰਾਂ ਕਿਹਾ ਕਿ ਸਭਾ ਹੁਣ ਹਰ ਸਾਲ ਵਾਰਿਸ ਸ਼ਾਹ ਦਾ ਉਰਸ ਮਨਾਇਆ ਕਰੇਗੀ।



ਖੱਬਿਓਂ ਸੱਜੇ ਹਨ — ਅਜਮੇਰ ਕਾਵੈਂਟਰੀ, ਦਰਸ਼ਨ ਢਿੱਲੋਂ, ਡਾ: ਕੇਵਧ ਧੀਰ, ਕੇ ਸੀ ਮੋਹਨ ਤੇ ਪ੍ਰੋ: ਅਮੀਨ ਮੁਗਲ ਪਰਚਾ ਪੜ੍ਹਦੇ ਹੋਏ।

## ਗੁਰਦੁਆਰੇ ਦੇ ਭਾਈ ਦਾ ਝਮੇਲਾ

ਡੱਡਲੀ — ਇਥੇ ਦੀ ਗਲਿੰਗਟਨ ਰੋਡ ਤੇ ਸਥਿਤ ਗੁਰਦੁਆਰੇ ਵਿਚ ਰੱਖੇ ਭਾਈ ਅਤੇ ਸੈਰ ਕਰਨ ਆਏ ਕੁਲਵੰਤ ਸਿੰਘ ਦਾ ਕੇਸ ਹੁਣ ਐਮ ਪੀ ਡਾਕਟਰ ਜੌਹਨ ਗਿਲਬਰਟ ਲੜ ਰਿਹਾ ਹੈ ਕਿ ਕੁਲਵੰਤ ਨੂੰ ਪੱਕੇ ਰਹਿਣ ਦੀ ਇਜਾਜਤ ਦਿਤੀ ਜਾਵੇ। ਕੁਲਵੰਤ ਦੀ ਇਥੇ ਰਹਿਣ ਦੀ ਮਿਆਦ 27 ਸਤੰਬਰ ਤੱਕ ਹੈ। ਪਹਿਲੇ ਰੱਖੇ ਭਾਈ ਨੂੰ ਜਨਵਰੀ 'ਚ ਜਹਾਜੇ ਚਾੜ੍ਹ ਦਿੱਤਾ ਸੀ।

## ਫਿਜੀ ਵਿਚ ਭਾਰਤੀ ਜਾਇਦਾਦਾਂ ਤੇ ਹਮਲੇ

ਲੰਡਨ — ਫਿਜੀ ਦੀ ਰਾਜਧਾਨੀ ਵਿਚ ਭਾਰਤੀ ਨਸਲ ਦੇ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਉਤੇ ਲੋਕਲ ਵਸੋਂ ਦੇ ਲੋਕਾਂ ਨੇ ਹਮਲੇ ਸ਼ੁਰੂ ਕਰ ਦਿੱਤੇ ਹਨ। ਪਿਛਲੇ ਦੋ ਦਿਨਾਂ ਵਿਚ ਭਾਰਤੀ ਲੋਕਾਂ ਦੀਆਂ ਅਨੇਕਾਂ ਜਾਇਦਾਦਾਂ ਤੇ ਮਕਾਨ ਸਾੜ ਦਿੱਤੇ ਗਏ। ਜਿਸਨੂੰ ਦੇਖਦਿਆਂ ਮੁਕਾਮੀ ਸਰਕਾਰ ਨੇ ਫੌਜ ਦੀ ਮੱਦਦ ਲਈ ਹੈ।

# ਰਾਜੀਵ ਸਰਕਾਰ ਤੋਂ ਨਵਾਂ ਫਤਵਾ ਲੈਣ ਦੀ ਮੰਗ ਦੀ ਮੁਹਿੰਮ ਕਿਉਂ ?

### ਵਲੋਂ- ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ

ਬਿਦੇਸ਼ਾਂ ਵਿਚ ਖਾਸ ਤੌਰ ਤੇ ਕੈਨੇਡਾ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕ ਜਿਹਨਾਂ ਵਿਚੋਂ ਕੁਝ ਨੇ ਆਪਣੀਆਂ ਮਜਬੂਰੀਆਂ ਕਾਰਨ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰ ਲਈ ਹੈ, ਦੇ ਭਾਰਤ ਨਾਲ ਬਹੁਤ ਹੀ ਡੂੰਘੇ ਸੰਬੰਧ ਹਨ। ਉਹ ਕਰੋੜਾਂ ਡਾਲਰ ਇਧਰੋਂ ਆਪਣੇ ਸੰਬੰਧੀਆਂ ਨੂੰ ਹਰ ਸਾਲ ਭੇਜਦੇ ਹਨ। ਪਿਛਲੇ ਸਮੇਂ ਤੋਂ ਅਤਿਵਾਦ ਤੇ ਵੱਖਵਾਦ ਵਲੋਂ ਜੋ ਖਤਰਾ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਪੈਦਾ ਹੋਇਆ ਹੈ ਇਸਤੋਂ ਉਹ ਸਭ ਕਾਫੀ ਚਿੰਤਾਤੁਰ ਹਨ। ਜਿਸ ਤਰ੍ਹਾਂ ਭਾਰਤ ਵਿਚ ਖੱਬੀਆਂ ਅਤੇ ਜਮਹੂਰੀ ਪਾਰਟੀਆਂ ਜਿਹਨਾਂ ਵਿਚ ਸੀ ਪੀ ਆਈ (ਮਾਰਕਸਵਾਦੀ) ਸੀ ਪੀ ਆਈ, ਫਾਰਵਰਡ ਬਲਾਕ, ਰੈਵੋਲੂਸ਼ਨਰੀ ਸੋਸ਼ਲਿਸਟ ਪਾਰਟੀ ਆਦਿ ਵਲੋਂ ਇਕ ਦੇਸ਼ ਵਿਆਪੀ ਮੁਹਿੰਮ ਚਲਾਈ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਦੇਸ਼ ਨੂੰ ਸਾਹਮਣੇ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਵਿਚ ਅਸਫਲ ਰਹੀ ਹੈ। ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਉਪਰੋਕਤ ਲੋਕ ਜਮਹੂਰੀ ਪਾਰਟੀਆਂ ਵਲੋਂ ਚਲਾਈ ਜਾ ਰਹੀ ਮੁਹਿੰਮ ਦੇ ਕਾਰਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਇਸ ਮੁਹਿੰਮ ਦੌਰਾਨ ਮੰਗ ਕੀਤੀ ਜਾ ਰਹੀ ਹੈ ਕਿ ਰਾਜੀਵ ਸਰਕਾਰ ਲੋਕਾਂ ਦਾ ਵਿਸ਼ਵਾਸ ਗੁਆ ਚੁਕੀ ਹੈ ਇਸ ਲਈ ਅਸਤੀਫਾ ਦੇ ਕੇ ਮੁੜ ਤੋਂ ਲੋਕਾਂ ਦਾ ਫਤਵਾ ਲਵੇ।

ਰਾਜੀਵ ਸਰਕਾਰ ਦੀਆਂ ਅਸਫਲਤਾਵਾਂ ਦੀ ਸੂਚੀ ਤਾਂ ਬਹੁਤ ਹੀ ਲੰਬੀ ਹੈ ਪਰ ਉਹਨਾਂ ਵਿਚੋਂ ਕੁਝ ਹੇਠ ਲਿਖੀਆਂ ਹਨ :—

- ਪੰਜਾਬ ਸਮੱਸਿਆ ਦਾ ਹਲ ਕਰਨ ਲਈ ਰਾਜੀਵ-ਲੌਂਗੋਵਾਲ ਸਮਝੌਤਾ ਨਾ ਲਾਗੂ ਕਰਨਾ।
- ਪੰਜਾਬ ਦਾ ਰਾਜਨੀਤਕ ਹਲ ਨਾ ਹੋਣ ਕਾਰਨ ਅਤਿਵਾਦੀ ਤੇ ਵੱਖਵਾਦੀ ਟੋਲਿਆਂ ਨੂੰ ਮਾਰਧਾੜ ਲਈ ਅਧਾਰ ਪ੍ਰਾਪਤ ਹੋਣਾ।
- ਦੇਸ਼ ਵਿਚ ਫਿਰਕੂ ਤਾਕਤਾਂ ਦੀਆਂ ਸਰਗਰਮੀਆਂ ਇਸ ਲਈ ਵਧੀਆਂ ਕਿ ਧਰਮ ਨਿਰਪੱਖਤਾ ਨੂੰ ਹਾਕਮ ਕਾਂਗਰਸ ਨੇ ਆਪਣੀ ਪਾਰਟੀ ਹਿੱਤਾਂ ਲਈ ਗਲਤ ਢੰਗ ਨਾਲ ਵਰਤਿਆ।
- ਡੀਫੈਂਸ ਅਤੇ ਵਪਾਰਕ ਸੌਦਿਆਂ ਵਿਚੋਂ ਕਰੋੜਾਂ - ਅਰਬਾਂ ਦੇ ਕੀਤੇ ਸਕੈਂਡਲਾਂ ਨੂੰ ਸਰਕਾਰ ਨੇ ਲੁਕਾਉਣ ਦੀ ਕੋਸ਼ਿਸ਼ ਕੀਤੀ।
- ਬਾਬਰੀ ਮਸਜਿਦ ਤੇ ਰਾਮ ਜਨਮ ਭੂਮੀ ਦਾ ਝਗੜਾ ਦੁਬਾਰਾ ਖੜਾ ਕਰਨਾ।
- ਹਾਕਮ ਪਾਰਟੀ ਦਾ ਆਸਾਮ ਗਣ ਪ੍ਰੀਸ਼ਦ, ਮੀਜ਼ੋ ਨੈਸ਼ਨਲ ਫਰੰਟ, ਗੋਰਖਾਲੈਂਡ ਆਦਿ ਵੱਖਵਾਦੀਆਂ ਨਾਲ ਸਮਝੌਤੇ ਕਰਨਾ।
- ਕੇਰਲ ਵਿਚ ਜਾਤੀਵਾਦੀ ਅਤੇ ਫਿਰਕਾਪ੍ਰਸਤ ਪਾਰਟੀਆਂ ਨਾਲ ਸਮਝੌਤਾ ਕਰਨਾ।
- 1984 ਦੇ ਦਿੱਲੀ ਦੰਗਿਆਂ ਦੇ ਜ਼ਿਮੇਵਾਰ ਕਾਤਲਾਂ ਨੂੰ ਸਜਾਵਾਂ ਨਾ ਦੇਣੀਆਂ।
- ਜੋਧਪੁਰ ਦੇ ਨਿਰਦੋਸ਼ ਕੈਦੀਆਂ ਨੂੰ ਰਿਹਾ ਨਾ ਕਰਨਾ।
- ਬਰਨਾਲਾ ਸਰਕਾਰ ਨੂੰ ਹਰਿਆਣੇ ਵਿਚ ਚੋਣਾਂ ਜਿੱਤਣ (ਜਿਸ ਵਿਚ ਹਾਰ ਗਏ) ਦੇ ਤੰਗ ਸਿਆਸੀ ਲਾਭਾਂ ਨੂੰ ਲੈ ਕੇ ਮੁਅਤਲ ਕਰਨਾ।

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਕਾਮਨਵੈਲਥ ਕਾਨਫਰੰਸ ਤੇ ਆਏ ਭਾਰਤੀ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੋਂ ਮੰਗ ਕਰਦੀ ਹੈ ਕਿ "ਦੇਸ਼ ਦੀ ਏਕਤਾ ਨੂੰ ਖਤਰੇ" ਦੇ ਨਾਂ ਉਪਰ ਪਾਰਲੀਮੈਂਟਰੀ ਚੋਣਾਂ ਦੀ ਜਿੱਤ ਦੁਆਉਣ ਵਾਲੇ ਲੋਕਾਂ ਦੇ ਵਿਸ਼ਵਾਸ ਨੂੰ ਭਾਰੀ ਸੱਟ ਵੱਜੀ ਹੈ ਕਿ ਪ੍ਰਧਾਨ ਮੰਤਰੀ ਲੋਕਾਂ ਦੀ ਏਕਤਾ ਦੀ ਭਾਵਨਾ ਅਤੇ ਭਾਰਤ ਦੀ ਅਖੰਡਤਾ ਨੂੰ ਖਤਰਾ ਪੈਦਾ ਕਰਨ ਵਾਲੀਆਂ ਸ਼ਕਤੀਆਂ ਵਿਰੁੱਧ ਰਾਜਨੀਤਕ ਤੌਰ ਤੇ ਅਸਫਲ ਰਹੇ ਹਨ। ਇਸੇ ਹੀ ਤਰ੍ਹਾਂ ਸਰਕਾਰ ਦੇ ਏਕਾ ਅਧਿਕਾਰਵਾਦ ਦੇ ਰੁਝਾਨ, ਸਰਮਾਏਦਾਰੀ ਰਾਹ ਤੇ ਚਲ ਕੇ ਅਮੀਰ ਨੂੰ ਹੋਰ ਅਮੀਰ ਕਰਨਾ, ਗਰੀਬੀ ਅਤੇ ਬੇਰੁਜ਼ਗਾਰੀ ਵਿਚ ਵਾਧਾ ਕਰਨਾ ਅਤੇ ਸੂਬਿਆਂ ਨੂੰ ਵੱਧ ਅਧਿਕਾਰ ਨਾ ਦੇਣਾ ਜਿਸ ਦੀ ਖੱਬੀਆਂ ਤੇ ਜਮਹੂਰੀ ਪਾਰਟੀਆਂ ਕਾਫੀ ਅਰਸੇ ਤੋਂ ਮੰਗ ਕਰਦੀਆਂ ਹਨ, ਦੇ ਮੁਖ ਮੁੱਦਿਆਂ ਤੇ ਅਸਫਲਤਾ ਅਤੇ ਜੋ ਭਰੋਸਾ ਲੋਕਾਂ ਨੂੰ ਉਹਨਾਂ ਨੂੰ ਚੋਣਾਂ ਸਮੇਂ ਦਰਸਾਇਆ ਸੀ ਉਸ ਤੇ ਭੀ ਫੇਹਲ ਹੋਏ ਹਨ, ਉਹਨਾਂ ਨੂੰ ਤੁਰੰਤ ਮੱਧਕਾਲੀ ਚੋਣਾਂ ਕਰਵਾ ਕੇ ਲੋਕਾਂ ਤੋਂ ਫਤਵਾ ਲੈਣਾ ਚਾਹੀਦਾ ਹੈ।

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਭਾਰਤ ਦੇ ਲੋਕਾਂ ਦੀ 'ਨਵੇਂ ਫਤਵੇ ਲੈਣ ਦੀ ਮੁਹਿੰਮ' ਦਾ ਪੂਰਨ ਸਮਰਥਨ ਕਰਦੀ ਹੈ।

ਐਸੋਸੀਏਸ਼ਨ ਭਾਰਤੀ ਪ੍ਰਧਾਨ ਮੰਤਰੀ ਤੋਂ ਬਿਦੇਸ਼ਾਂ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਨੂੰ ਜੋ ਭਾਰਤ ਜਾਣ ਸਮੇਂ ਮੁਸ਼ਕਲਾਂ ਆਉਂਦੀਆਂ ਹਨ ਨੂੰ ਹਲ ਕਰਨ ਦੀ ਮੰਗ ਕਰਦੀ ਹੈ ਜਿਵੇਂ :—

- ਭਾਰਤੀ ਮੂਲ ਦੇ ਲੋਕਾਂ ਨੂੰ ਪਿਤਰੀ ਧਾਰਾ ਦੇ ਆਧਾਰ ਤੇ ਜਿਵੇਂ ਕਿ ਜੋ ਭਾਰਤ ਵਿਚ ਜੰਮੇ ਹੋਣ ਪ੍ਰੰਤੂ ਉਹਨਾਂ ਨੇ ਬਿਦੇਸ਼ੀ ਨਾਗਰਿਕਤਾ ਪ੍ਰਾਪਤ ਕਰ ਲਈ ਹੈ ਨੂੰ ਭਾਰਤ ਵਿਚ ਬਿਨਾਂ ਰੋਕ ਟੋਕ ਜਾਣ ਦੀ ਇਜਾਜ਼ਤ ਹੋਵੇ।
- ਵੀਜ਼ਾ ਸਿਸਟਮ ਜੋ ਬਿਦੇਸ਼ਾਂ ਵਿਚ ਰਹਿੰਦੇ ਭਾਰਤੀ ਮੂਲ ਦੇ ਲੋਕਾਂ ਤੇ ਲਗਾਇਆ ਗਿਆ ਹੈ ਨੂੰ ਹਟਾਇਆ ਜਾਵੇ।
- ਦਿੱਲੀ ਏਅਰ ਪੋਰਟ ਉਪਰ ਕਸਟਮ ਅਤੇ ਇੰਮੀਗਰੇਸ਼ਨ ਅਧਿਕਾਰੀਆਂ ਵਲੋਂ ਬਾਹਰੋਂ ਗਏ ਭਾਰਤੀਆਂ ਨੂੰ ਜੋ ਖੁਆਰ ਕੀਤਾ ਜਾਂਦਾ ਹੈ ਨੂੰ ਦਰੁਸਤ ਕੀਤਾ ਜਾਵੇ।

ਇਹਨਾਂ ਮੰਗਾਂ ਲਈ ਅਸੀਂ ਕਾਫੀ ਲੰਬੇ ਸਮੇਂ ਤੋਂ ਭਾਰਤੀ ਸਰਕਾਰ ਨੂੰ ਮੈਮੋਰੰਡਮਾਂ, ਮਤਿਆਂ ਰਾਹੀਂ ਕਰਦੇ ਰਹੇ ਹਾਂ ਅਤੇ ਫਿਰ ਮੰਗ ਕਰਦੇ ਹਾਂ ਕਿ ਤੁਰੰਤ ਇਹਨਾਂ ਨੂੰ ਹਲ ਕੀਤਾ ਜਾਵੇ।

ਵਲੋਂ- ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ
P.O.BOX 67534 Stn. '0'
VANCOUVER, B.C. V5W 3T9

# ਬਾਲ ਸੰਸਾਰ

→

ਪੰਜਾਬ ਦੇ ਇਤਿਹਾਸ ਅਤੇ ਸਮਕਾਲੀ ਪੂੰਜੀਵਾਦੀ ਦੀ ਅਸਫਲਤਾ ਵਿਚ ਹਨ। ਇਸ ਵਿਦਰੋਹ ਲਹਿਰ ਤੋਂ ਭਾਰਤੀ ਪ੍ਰਬੰਧਕਾਂ ਨੂੰ ਸਬਕ ਸਿਖਣੇ ਚਾਹੀਦੇ ਹਨ। "ਦਹਿਸ਼ਤਵਾਦ" ਜਾਂ "ਫਿਰਕਾਪ੍ਰਸਤੀ" ਕਹਿ ਕੇ ਗੈਰ-ਜ਼ਿੰਮੇਵਾਰ ਨਹੀਂ ਬਣਨਾ ਚਾਹੀਦਾ ਅਤੇ ਨਾ ਹੀ ਇਹ ਕਹਿ ਕੇ ਆਪਣੀ ਅਸਫਲਤਾ ਅਤੇ ਸੀਮਾ ਉਤੇ ਪਰਦਾ ਪਾਉਣਾ ਚਾਹੀਦਾ ਹੈ।

ਸਿਖ ਇਨਕਲਾਬ ਦੇ ਵਾਅਦੇ ਪੂਰੇ ਕਰਨ ਲਈ ਜੁਝਾਰੂ ਜਿਸ ਤਰ੍ਹਾਂ ਵਚਨਬੱਧ ਹਨ, ਉਸ ਲਈ ਉਨ੍ਹਾਂ ਦੀ ਪੂੰਜੀਪਤੀ ਪ੍ਰਬੰਧ ਨਾਲ ਟੱਕਰ ਰੋਕੀ ਨਹੀਂ ਜਾ ਸਕਦੀ। ਅਕਾਲੀ ਦਲ ਦੇ ਨੇਤਾ ਜੋ ਬਹੁਤੇ ਵੱਡੇ ਜ਼ਿਮੀਦਾਰਾਂ ਜਾਂ ਪੂੰਜੀਪਤੀਆਂ ਵਿਚੋਂ ਹਨ, ਇਸ ਟੱਕਰ ਨੂੰ ਅਸਫਲ ਬਣਾਉਣਾ ਚਾਹੁਣਗੇ ਕਿਉਂਕਿ ਉਹ ਆਪਣੀ ਮਾਲਕੀ ਅਤੇ ਉਸ ਦੇ ਸੁਖ ਤਿਆਗ ਨਹੀਂ ਸਕਦੇ। ਉਨ੍ਹਾਂ ਲਈ ਬਰਾਬਰੀ, ਮਲਕੀਅਤ ਨਾਲ ਸੰਬੰਧ ਨਹੀਂ ਰੱਖਦੀ। ਸਿਰਫ ਲੰਗਰ ਵਿਚ ਬਰਾਬਰ ਬਹਾਉਣ ਤਕ ਹੀ ਸੀਮਿਤ ਹੈ।

ਅਕਾਲ ਤਖਤ ਦੇ ਜਥੇਦਾਰ ਦੀ ਜ਼ਿਮੇਵਾਰੀ ਸਿੱਖ ਇਨਕਲਾਬ ਦੇ ਵਾਅਦੇ ਪੂਰੇ ਕਰਵਾਉਣ ਵਿਚ ਹੈ। ਜੋ ਵਰਗ ਇਹ ਵਾਅਦੇ ਪੂਰੇ ਕਰਵਾ ਸਕਦਾ ਹੈ ਸਿਰਫ ਉਸ ਨੂੰ ਹੀ ਅੱਗੇ ਲਿਆਉਣ ਵਿਚ ਸਿਆਣਪ ਹੈ। ਜੇ ਅਕਾਲੀ ਦਲ ਰੱਖਦਾ ਹੈ ਤਾਂ ਹੁਣ ਵਾਲੇ ਨੂੰ ਤੋੜ ਕੇ ਯੁਵਕ-ਪ੍ਰਧਾਨ, ਭਵਿੱਖ ਮੁਖੀ ਅਤੇ ਵਿਚਾਰਧਾਰਕ ਤੌਰ 'ਤੇ ਚੇਤੰਨ ਅਕਾਲੀ ਦਲ ਬਣਾਇਆ ਜਾਵੇ।

## ਵਰਗ ਚੇਤਨਤਾ

ਜੁਝਾਰੂਆਂ ਦੇ ਇਕ ਗਰੁੱਪ "ਬੱਬਰਾਂ" ਨੇ ਆਪਣੇ ਇਕ ਪੈਂਫਲਿਟ ਵਿਚ ਸਾਫ ਲਿਖਿਆ ਹੈ ਕਿ ਉਨ੍ਹਾਂ ਦੀ ਲੜਾਈ "ਮਨੁੱਖਤਾ ਵਿਚ ਪਈਆਂ ਕੁੱਲ ਗੈਰ-ਕੁਦਰਤੀ ਵੰਡੀਆਂ" ਮਿਟਾਉਣ ਲਈ ਹੈ। ਉਹ ਅਜਿਹਾ ਰਾਜ ਰਚਣਾ ਚਾਹੁੰਦੇ ਹਨ ਜਿਸ ਵਿਚ "ਇਜਾਰੇਦਾਰ ਤੇ ਸਰਮਾਏਦਾਰ ਜ਼ਾਲਮਾਂ ਦੇ, ਮਜ਼ਲੂਮਾਂ ਦੇ ਦੁੱਧ-ਪੁੱਤ, ਗੈਰਤ ਤੇ ਇੱਜ਼ਤ ਦੀ ਬਲੀ ਲੈ ਕੇ ਐਸ਼ ਦੀ ਜ਼ਿੰਦਗੀ ਲਈ ਉਸਾਰੇ ਬਹਿਸ਼ਤ ਨਹੀਂ ਰਹਿਣਗੇ।"

ਇਹ ਜੁਝਾਰੂ ਏਨੀ ਵਰਗ-ਚੇਤਨਤਾ ਰੱਖਦੇ ਹਨ, ਇਹ ਸੰਤੋਖ ਵਾਲੀ ਗੱਲ ਹੈ, ਪਰ ਉਨ੍ਹਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਇਹ ਲੜਾਈ 'ਤ੍ਰਹਿਦੂ ਸਾਮਰਾਜ" ਨਾਲ ਨਹੀਂ ਸਗੋਂ ਕੇਂਦਰ ਦੇ ਪੂੰਜੀਵਾਦੀ ਅਤੇ ਉਸ ਦੇ ਸਹਾਇਕ ਜਾਗੀਰਦਾਰੀ ਗਰੋਹ ਨਾਲ ਹੈ ਜੋ ਆਪਣੀਆਂ ਲੁੱਟਾਂ-ਵਿਉਂਤਾਂ ਅੱਗੇ ਨਾ ਝੁਕਣ ਵਾਲੀ ਹਰ ਸਵੈ-ਚੇਤੰਨ ਸਭਿਆਚਾਰਕ ਇਕਾਈ ਨੂੰ ਤੋੜਨਾ ਚਾਹੁੰਦਾ ਹੈ ਭਾਵੇਂ ਉਹ ਸਿਖ ਹੋਵੇ, ਭਾਵੇਂ ਨਾਗਾ ਅਤੇ ਭਾਵੇਂ ਮੀਜ਼ੋ। ਕਿਸੇ ਲੋਟੂ ਦਾ ਕੋਈ ਧਰਮ ਨਹੀਂ ਹੁੰਦਾ। ਉਹ ਧਰਮ ਨੂੰ ਲੁੱਟ ਲਈ ਸਿਰਫ ਵਰਤਦਾ ਹੀ ਹੈ।

# ਬੱਚਿਆਂ ਦੀਆਂ ਮੁੱਢਲੀਆਂ ਆਦਤਾਂ ਤੇ ਮਾਂ ਦਾ ਰੋਲ

**ਸੁਰਜੀਤ ਭਗਵੰਤ ਸਿੰਘ**

ਘਰ ਬੱਚੇ ਦਾ ਮੁੱਢਲਾ ਸਕੂਲ ਹੈ। ਇਸ ਘਰੇਲੂ ਸਕੂਲ ਵਿਚ ਬੱਚੇ ਦੀ ਮਾਂ ਇਕ ਅਧਿਆਪਕ ਦੀ ਤਰ੍ਹਾਂ ਬੱਚੇ ਦੀਆਂ ਆਦਤਾਂ ਦਾ ਸੁਧਾਰ ਕਰਦੀ ਰਹਿੰਦੀ ਹੈ। ਬੱਚੇ ਦੀਆਂ ਸਾਰੀਆਂ ਆਦਤਾਂ ਦੀ ਨੀਂਹ ਘਰ ਤੋਂ ਹੀ ਰੱਖੀ ਜਾਂਦੀ ਹੈ। ਬੱਚੇ ਨੂੰ ਘਰ ਦਾ ਮਾਹੌਲ ਜਿਵੇਂ ਦਾ ਮਿਲੇ ਉਸੇ ਤਰ੍ਹਾਂ ਦੀਆਂ ਬੱਚਿਆਂ ਦੀਆਂ ਆਦਤਾਂ ਬਣਦੀਆਂ ਚਲੀਆਂ ਜਾਂਦੀਆਂ ਹਨ। ਬੱਚੇ ਮੁਢਲੀ ਸਿੱਖਿਆ ਘਰੋਂ ਹੀ ਗ੍ਰਹਿਣ ਕਰਦੇ ਹਨ। ਇਸੇ ਲਈ ਬੱਚੇ ਦੀਆਂ ਅੱਛੀਆਂ ਜਾਂ ਬੁਰੀਆਂ ਆਦਤਾਂ ਲਈ ਮਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਇਹ ਗੱਲ ਕਿਸੇ ਹੱਦ ਤੱਕ ਠੀਕ ਵੀ ਹੈ। ਦਿਨ ਦਾ ਬਹੁਤਾ ਸਮਾਂ ਬੱਚੇ ਆਪਣੀ ਮਾਂ ਕੋਲ ਹੀ ਗੁਜ਼ਾਰਦੇ ਹਨ। ਸੋ ਮਾਂ ਦੀ ਸ਼ਖਸੀਅਤ ਦਾ ਉਸ ਦੇ ਬੱਚਿਆਂ 'ਤੇ ਜ਼ਿਆਦਾ ਪ੍ਰਭਾਵ ਪੈਂਦਾ ਹੈ।

ਮਾਂ ਦਾ ਸਭ ਤੋਂ ਵਧੀਆ ਰੋਲ ਇਹ ਹੈ ਕਿ ਉਸ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਬੁਰੀਆਂ ਆਦਤਾਂ ਤੋਂ ਦੂਰ ਰੱਖੇ ਤੇ ਅੱਛੀਆਂ ਆਦਤਾਂ ਉਨ੍ਹਾਂ ਵਿਚ ਭਰੇ। ਬਹੁਤ ਸਾਰੀਆਂ ਬੁਰੀਆਂ ਆਦਤਾਂ ਦੀਆਂ ਜ਼ਿਮੇਵਾਰ ਬੱਚਿਆਂ ਦੀਆਂ ਮਾਵਾਂ ਹੀ ਹੁੰਦੀਆਂ ਹਨ ਤੇ ਸੁਧਾਰਨ ਵਿਚ ਵੀ ਮਾਂ ਦਾ ਰੋਲ ਹੀ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ।

ਜਿਵੇਂ ਬਾਪ ਬੱਚਿਆਂ ਨੂੰ ਪੈਸੇ ਖਰਚਾਉਣ ਦੇ ਹੱਕ ਵਿਚ ਨਹੀਂ। ਦੁਪਹਿਰੇ ਕੋਈ ਭਾਈ ਫੇਰੀ ਵਾਲਾ ਜਾਂ ਕੁਲਫੀ ਵਾਲਾ ਆ ਗਿਆ, ਉਸ ਨੇ ਬੱਚੇ ਨੂੰ ਪੈਸੇ ਦੇ ਕੇ ਕੁਲਫੀ ਲਿਆਉਣ ਲਈ ਕਹਿ ਦਿੱਤਾ, "ਜਾਹ ਮੇਰਾ ਰਾਜਾ ਬੇਟਾ ਕੁਲਫੀ ਲੈ ਆ ਤੇ ਪਾਪਾ ਨੂੰ ਨਾ ਦੱਸੀਂ, ਗੁੱਸੇ ਹੋਣਗੇ ਤੈਨੂੰ ਵੀ ਤੇ ਨਾਲੇ ਮੈਨੂੰ ਵੀ।" ਇਥੋਂ ਮਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਖੁਦ ਹੀ ਬੱਚੇ ਨੂੰ ਝੂਠ ਬੋਲਣਾ ਤੇ ਚੋਰੀ ਛਿਪੇ ਕੁਝ ਕਰਨਾ ਸਿਖਾ ਰਹੀ ਹੈ।

ਬੱਚਿਆਂ ਦੀ ਭੂਆ ਆ ਜਾਂਦੀ ਹੈ। ਵਿਚਾਰੀ ਆਪਣੀ ਮਾਂ ਨਾਲ ਦੁਖ ਸੁਖ ਫੋਲਦੀ ਹੈ। ਕੁਝ ਆਪਣਾ ਹਾਲ ਦੱਸਦੀ ਹੈ, ਕੁਝ ਮਾਂ ਦਾ ਹਾਲ ਪੁੱਛਦੀ ਹੈ। ਕਈ ਔਰਤਾਂ ਤੋਂ ਇਹ ਬਰਦਾਸ਼ਤ ਨਹੀਂ ਹੁੰਦਾ ਕਿ ਸੱਸ-ਨਨਾਣ ਇਕ ਵੱਖਰੇ ਕਮਰੇ ਵਿਚ ਗੱਲਾਂ ਕਰ ਜਾਣ। ਕੋਈ ਮਾਂ ਆਪਣੇ ਬੱਚੇ ਨੂੰ ਆਵਾਜ਼ ਮਾਰ ਕੇ ਕਹੇਗੀ, "ਵੇ ਨੀਟੂ, ਇਧਰ ਆਵੀਂ ਜ਼ਰਾ।" ਨੀਟੂ ਕੋਲ ਆ ਗਿਆ, ਉਸ ਦੇ ਕੰਨ ਵਿਚ ਕਹਿਣ ਲੱਗੂ, "ਵੇ ਜਾਹ ਜ਼ਰਾ ਹੌਲੀ ਹੌਲੀ ਉਸ ਕਮਰੇ ਵਿਚ ਤੇਰੀ ਭੂਆ ਤੇ ਦਾਦੀ ਜੀ ਕੁਝ ਗੱਲਾਂ ਕਰ ਰਹੀਆਂ ਨੇ, ਜਾ ਜ਼ਰਾ ਦੱਬੇ ਪੈਰੀਂ ਸੁਣੀ ਭਲਾ ਕੀ ਗੱਲਾਂ ਕਰਦੀਆਂ ਨੇ?" ਬੱਸ ਐਵੇਂ ਵਹਿਮਾਂ ਤੇ ਭਰਮਾਂ ਦੀਆਂ ਮਾਰੀਆਂ ਆਪਣੇ ਬੱਚਿਆਂ ਨੂੰ ਚੁਗਲੀਆਂ ਸੁਣਨ ਦੇ ਆਦੀ ਅਤੇ ਸ਼ੱਕੀ ਸੁਭਾਅ ਦੇ ਬਣਾ ਲੈਂਦੀਆਂ ਨੇ

ਕਈ ਮਾਵਾਂ ਬੱਚਿਆਂ ਨੂੰ ਸਕੂਲ ਭੇਜਣ ਸਮੇਂ ਰੋਜ਼ਾਨਾ ਹੀ ਕੁਝ ਨਾ ਕੁਝ ਪੈਸੇ ਖਰਚਣ ਲਈ ਦੇ ਦਿੰਦੀਆਂ ਹਨ। ਇਕ ਤਾਂ ਬੱਚੇ ਸਕੂਲ ਵਿਚ ਗੰਦਗੀ ਵਾਲੇ ਹੱਥਾਂ ਨਾਲ ਹੀ ਗਲਤ ਚੀਜ਼ਾਂ ਖਾ ਪੀ ਕੇ ਬੀਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਫਿਰ ਕਿਸੇ ਦਿਨ ਜੇ ਘਰੋਂ ਪੈਸੇ ਨਾ ਮਿਲੇ ਤਾਂ ਆਦਤ ਮੁਤਾਬਕ ਤਾਂ ਬੱਚੇ ਨੇ ਪੈਸੇ ਮੰਗਣੇ ਹੀ ਹਨ ਨਹੀਂ ਤਾਂ ਫਿਰ ਸਭ ਤੋਂ ਪਹਿਲਾਂ ਉਹ ਘਰੋਂ ਹੀ ਪੈਸੇ ਚੋਰੀ ਕਰਕੇ ਲਿਜਾਣ ਦੀ ਆਦਤ ਪਾਏਗਾ। ਜੇ ਘਰੋਂ ਦਾਅ ਨਾ ਲੱਗਾ ਤਾਂ ਫਿਰ ਆਪਣੇ ਕਿਸੇ ਦੋਸਤ ਜਾਂ ਸਹੇਲੀ ਦੇ ਪੈਸੇ ਚੋਰੀ ਕਰਕੇ ਖਰਚਣ ਦੀ ਆਦਤ ਪੂਰੀ ਕਰਨਗੇ। ਮਾਂ ਨੂੰ ਚਾਹੀਦਾ ਹੈ ਕਿ ਕਿਸੇ ਕਿਸੇ ਦਿਨ ਆਪ ਹੀ ਬੱਚੇ ਨੂੰ ਜ਼ਰੂਰਤ ਮੁਤਾਬਕ ਪੈਸੇ ਦੇ ਦੇਵੇ ਪਰ . ਮਗਰ ਰੋਜ਼ਾਨਾ ਪੈਸੇ ਖਰਚਣ ਦੀ ਆਦਤ ਬੱਚਿਆਂ ਨੂੰ ਨਹੀਂ ਪਾਉਣੀ . ਚਾਹੀਦੀ।

ਕਈ ਘਰਾਂ ਵਿਚ ਬੱਚੇ ਸਵੇਰੇ ਉਠਦੇ ਹੀ ਕੁਝ ਨਾ ਕੁਝ ਖਾਣ ਨੂੰ ਮੰਗਦੇ ਹਨ। ਬਿਨਾਂ ਮੂੰਹ ਧੋਏ, ਬੁਰਸ਼ ਕੀਤੇ ਸਭ ਕੁਝ ਖਾ ਪੀ ਜਾਂਦੇ ਹਨ। ਮਾਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਸਮਝਾਏ ਕਿ ਬਿਨਾਂ ਬੁਰਸ਼ ਕੀਤੇ ਕੁਝ ਖਾਣ ਪੀਣ ਨਾਲ ਮੂੰਹ ਵਿਚਲੀ ਸਾਰੀ ਗੰਦਗੀ ਖਾਣ ਵਾਲੇ ਪਦਾਰਥ ਦੇ ਨਾਲ ਮਿਲ ਕੇ ਅੰਦਰ ਚਲੀ ਜਾਂਦੀ ਹੈ। ਉਹ ਪਦਾਰਥ ਖਾਣ ਨਾਲ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਲੱਗ ਸਕਦੀਆਂ ਹਨ। ਥੋੜ੍ਹੀ ਬਹੁਤੀ ਸਿਖਿਆ ਬੱਚਿਆਂ ਨੂੰ ਰੋਜ਼ ਦਿੰਦੇ ਰਹਿਣਾ ਚਾਹੀਦਾ ਹੈ ਕਿ ਸਕੂਲ ਵਿਚ ਵੀ ਅੱਧੀ ਛੁੱਟੀ ਵਕਤ ਹੱਥ ਧੋ ਕੇ ਹੀ ਜੇ ਕੁਝ ਖਾਣਾ ਹੈ ਖਾਣ।

ਕਈ ਬੱਚੇ ਤਕਰੀਬਨ ਰੋਜ਼ਾਨਾ ਕੰਮਾਂ ਵਿਚ ਰੈਗੂਲਰ ਨਹੀਂ ਹੁੰਦੇ। ਸਕੂਲੋਂ ਆਏ, ਕਿਤਾਬਾਂ ਕਿਧਰੇ ਸੁੱਟੀਆਂ, ਬੂਟ ਜ਼ਰਾਬਾਂ, ਵਰਦੀ ਉਤਾਰ ਕੇ ਕਿਧਰੇ ਸੁੱਟੀ ਤੇ ਚਲੇ ਗਏ ਰਸੋਈ ਵਿਚ ਖਾਣਾ ਖਾਣ। ਕਦੇ ਕੋਈ ਜੁਰਾਬ ਨਹੀਂ ਮਿਲਦੀ ਅਤੇ ਕਦੇ ਕੋਈ। ਕਦੇ ਕੋਈ ਸਕੂਲ ਦਾ ਕੰਮ ਨਹੀਂ ਕੀਤਾ ਹੁੰਦਾ ਅਤੇ ਕਦੇ ਕੋਈ ਸਬਕ ਯਾਦ ਨਹੀਂ ਕੀਤਾ ਹੁੰਦਾ। ਸੋ ਇਕ ਮਾਂ ਹੀ ਘਰ ਵਿਚ ਬੱਚਿਆਂ ਨੂੰ ਜ਼ਿਆਦਾ ਕਰਕੇ ਇਨ੍ਹਾਂ ਛੋਟੀਆਂ ਮੋਟੀਆਂ ਗੱਲਾਂ ਬਾਰੇ ਸਮਝਾ ਸਕਦੀ ਹੈ ਕਿ ਸਕੂਲ ਤੋਂ ਆਉਂਦੇ ਹੀ ਪਹਿਲਾਂ ਅੱਖਾਂ ਵਿਚ ਪਾਣੀ ਦੇ ਛਿੱਟੇ ਮਾਰੋ, ਮੂੰਹ ਹੱਥ ਸਾਫ ਕਰੋ ਤੇ ਫੇਰ ਖਾਣਾ ਖਾਓ। ਬਸਤਾ, ਬੂਟ, ਜੁਰਾਬਾਂ ਤੇ ਵਰਦੀ ਨਿਸਚਿਤ ਸਥਾਨ 'ਤੇ ਰੱਖੋ ਤਾਂ ਜੋ ਲੱਭਣ ਲੱਗਿਆਂ ਚੀਜ਼ ਅਸਾਨੀ ਨਾਲ ਲੱਭ ਸਕੇ।

ਫਰਜ਼ ਕਰੋ ਕਿ ਤੁਸੀਂ ਕਿਸੇ ਦੇ ਘਰ ਚਾਹ 'ਤੇ ਜਾਣਾ ਹੈ। ਤੁਸੀਂ ਆਪਣੇ ਬੱਚਿਆਂ ਨੂੰ ਵੀ ਨਾਲ ਲੈ ਗਏ। ਤੁਹਾਡੇ ਬੱਚਿਆਂ ਨੇ ਉਥੇ ਤੁਹਾਡੇ ਤੇ ਉਸ ਘਰ ਵਾਲਿਆਂ ਦੇ ਨੱਕ ਵਿਚ ਦਮ ਕਰ ਦਿੱਤਾ, ਜਿਵੇਂ ਚਾਹ ਤੇ ਮੇਜ਼ ਤੋਂ ਪਹਿਲਾਂ ਹੀ ਰਸਗੁੱਲੇ ਤੇ ਗੁਲਾਬ ਜਾਮਣ ਮੂੰਹ ਵਿਚ ਪਾ ਲਏ, ਕੱਪ ਪਲੇਟਾਂ ਭੰਨ ਦਿੱਤੀਆਂ। ਕੋਈ ਬੱਚਾ ਐਵੇਂ ਹੀ ਮੇਜ਼ 'ਤੇ ਢੋਲਕੀ ਵਜਾਈ ਜਾ ਰਿਹਾ ਏ ਜਾਂ ਬੱਚੇ ਆਪੋ ਵਿਚ ਹੀ ਲੜੀ ਜਾ ਰਹੇ ਹਨ। ਇਸ ਨਾਲ ਇਕ ਤਾਂ ਮਾਂ ਬਾਪ ਨੂੰ ਸ਼ਰਮਿੰਦਾ ਹੋਣਾ ਪੈਂਦਾ ਹੈ ਦੂਜੇ ਬੱਚਿਆਂ ਦੀਆਂ ਆਦਤਾਂ ਵਿਗੜ ਜਾਂਦੀਆਂ ਹਨ। ਸੋ ਬੱਚਿਆਂ ਨੂੰ ਦੂਜੇ ਘਰ ਜਾ ਕੇ ਕਿਵੇਂ ਉਠਣਾ ਬੈਠਣਾ ਹੈ, ਪੂਰਨ ਸਿੱਖਿਆ ਮਿਲਣੀ ਚਾਹੀਦੀ ਹੈ ਤੇ ਮਾਂ ਤੋਂ ਵਧ ਕੇ ਕੋਈ ਬੱਚਿਆਂ ਨੂੰ ਇਹ ਸਭ ਗੱਲਾਂ ਘੱਟ ਹੀ ਸਿਖਾ ਸਕਦਾ ਹੈ, ਕਿਉਂਕਿ ਮਾਂ ਦੀ ਸ਼ਖਸੀਅਤ ਦਾ ਬੱਚਿਆਂ 'ਤੇ ਬਹੁਤ ਪ੍ਰਭਾਵ ਪੈਂਦਾ ਹੈ।

(ਚਲਦਾ)

An Advance DRIVING SCHOOL

4677 Main St. & 30th, Vancouver, B.C. V5V 3R6

We'll help you in getting Learner's Licence

BABU BANSAL Ph. 872-7375



ਬਾਬੂ ਬਾਂਸਲ

ਐਨ ਐਡਵਾਂਸ ਡਰਾਈਵਿੰਗ ਸਕੂਲ

4677 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਜੇ ਤੁਸੀਂ ਕਾਰ ਜਾਂ ਟੈਕਸੀ ਦਾ ਲਾਈਸੈਂਸ ਲੈਣਾ ਚਾਹੁੰਦੇ ਹੋ ਜਾਂ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ ਫੋਨ ਕਰੋ :

ਫੋਨ : 872-7375

BLOCK BROS. REALTY LTD.

9360 - 120 St. SURREY, B.C. V3V 4B9

ਆਪਣਾ ਘਰ ਖ਼੍ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

ਬੇਅੰਤ ਸੇਖੋਂ

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

Bus. (604) 581-4601

Res. (604) 591-1354 ਜਾਂ 588-0749



BEANT SEKHON
Res. 591-1354
or
588-0749




# ਵਰਿੰਦਰ ਫਿਰ ਸਫਲ ਪੰਜਾਬੀ ਨਿਰਦੇਸ਼ਕ ਸਾਬਤ ਹੋਇਆ

ਹੁਣੇ ਜਿਹੇ ਰਿਲੀਜ਼ ਹੋਈ ਪੰਜਾਬੀ ਫਿਲਮ 'ਯਾਰੀ ਜੱਟ ਦੀ' ਨੂੰ ਸਿਨਮਾ ਖਿੜਕੀ ਤੋਂ ਮੁੱਢਲੇ ਦੌਰ ਵਿਚ ਭਰਵਾਂ ਹੁੰਗਾਰਾ ਮਿਲਣ ਨਾਲ ਪੰਜਾਬੀ ਫਿਲਮ ਜਗਤ ਵਿਚ ਇਕ ਫਿਰ ਆਸ ਦੀ ਕਿਰਨ ਜਾਗੀ ਹੈ। ਫਿਲਮ ਦੀ ਮੁੱਢਲੀ ਰਿਪੋਰਟ ਸੁਣ ਫਿਲਮੀ ਖੇਤਰਾਂ ਵਿਚ ਕਾਫੀ ਹੈਰਾਨੀ ਪਾਈ ਗਈ। ਉਹ ਲੋਕ ਜਿਹੜੇ ਗੁਰਦਾਸ ਮਾਨ ਦੀਆਂ ਦੋ ਫਿਲਮਾਂ ਫਲਾਪ ਹੋਣ ਪਿਛੋਂ ਪੰਜਾਬੀ ਫਿਲਮਾਂ ਲਈ ਮਾਹੌਲ ਚੰਗਾ ਨਾ ਹੋਣ ਦਾ ਢੰਡੋਰਾ ਪਿਟ ਰਹੇ ਸਨ, ਨਿਰਦੇਸ਼ਕ ਵਿਰੇਂਦਰ ਦੀ ਇਸ ਕਾਮਯਾਬੀ ਉਤੇ ਚੁੱਪ ਤੇ ਹੈਰਾਨ ਹਨ।

ਅਸੀਂ ਪਹਿਲਾਂ ਵੀ ਕਈ ਵਾਰ ਲਿਖ ਚੁਕੇ ਹਾਂ ਕਿ ਕਮਰਸ਼ੀਅਲ ਪੱਧਰ ਤੇ ਪੰਜਾਬੀ ਫਿਲਮ ਇੰਡਸਟਰੀ ਨੂੰ ਉਤਾਂਹ ਚੁੱਕਣ ਵਿਚ ਨਿਰਮਾਤਾ ਨਿਰਦੇਸ਼ਕ ਵਰਿੰਦਰ ਦਾ ਬੜਾ ਵੱਡਾ ਹੱਥ ਹੈ। ਉਸ ਨੇ ਪਹਿਲਾਂ ਵੀ 'ਲੰਬੜਦਾਰਨੀ' 'ਸੰਤੋ-ਬੰਤੋ', 'ਸਰਪੰਚ' ਅਤੇ 'ਬਟਵਾਰਾ' ਜਿਹੀਆਂ ਹਿਟ ਫਿਲਮਾਂ ਬਣਾ ਕੇ ਪੰਜਾਬੀ ਫਿਲਮਾਂ ਬਣਾਉਣ ਵਾਲਿਆਂ ਲਈ ਉਤਸ਼ਾਹ ਜਨਕ ਮਾਹੌਲ ਕਾਇਮ ਕੀਤਾ ਸੀ। ਵਰਿੰਦਰ ਦੀਆਂ ਫਿਲਮਾਂ ਕਲਾ ਜਾਂ ਸਾਹਿਤ ਪੱਖੋਂ ਬਹੁਤੀਆਂ ਵਧੀਆਂ ਨਹੀਂ ਸਨ ਤੇ ਆਲੋਚਕਾਂ ਨੇ ਉਹਨਾਂ ਦੀ ਕੋਈ ਖਾਸ ਤਾਰੀਫ ਨਹੀਂ ਕੀਤੀ ਸੀ, ਪਰ ਪੰਜਾਬੀ ਦਰਸ਼ਕਾਂ ਵਲੋਂ ਮਿਲੇ ਹੁੰਗਾਰੇ ਨੇ ਉਸ ਨੂੰ ਇਕ ਬੇਹੱਦ ਸਫਲ ਪੰਜਾਬੀ ਨਿਰਦੇਸ਼ਕ ਵਜੋਂ ਸਥਾਪਿਤ ਕਰ ਦਿੱਤਾ ਸੀ।

ਵਰਿੰਦਰ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਪੰਜਾਬੀ ਦਰਸ਼ਕਾਂ ਦੀ ਨਬਜ਼ ਪਛਾਣ ਕੇ ਫਿਲਮ ਬਣਾਉਂਦਾ ਹੈ। ਉਸ ਦੀ ਫਿਲਮ ਵਿਚ ਸ਼ੁੱਧ ਪੰਜਾਬੀ ਦੇ ਨਾਲ ਨਾਲ ਕੁਝ ਐਸਾ ਫਿਲਮੀ ਮਸਾਲਾ ਹੁੰਦਾ ਹੈ ਜੋ ਪੰਜਾਬੀ ਦਰਸ਼ਕਾਂ ਨੂੰ ਪਸੰਦ ਆਉਂਦਾ ਹੈ। 'ਸਰਪੰਚ' ਵਿਚ ਉਸ ਨੇ ਮਿਹਰ ਮਿਤਲ ਨਾਲ ਇਕ ਵਲਾਇਤੀ ਮੇਮ ਦੀ ਜੋੜੀ ਬਣਾ ਕੇ ਦਰਸ਼ਕਾਂ ਲਈ ਖਾਸ ਖਿਚ ਪੈਦਾ ਕੀਤੀ ਸੀ। 'ਬਟਵਾਰਾ' ਵਿਚ ਕ੍ਰਿਕਟ ਖਿਡਾਰੀ ਕਪਿਲ ਦੇਵ ਅਤੇ ਯੋਗ ਰਾਜ ਨੂੰ ਉਸ ਨੇ ਕੈਸ਼ ਕੀਤਾ ਸੀ ਕਿਉਂਕਿ ਭਾਰਤ ਵਲੋਂ ਵਿਸ਼ਵ ਕੱਪ ਜਿੱਤੇ ਜਾਣ ਪਿਛੋਂ ਹਰ ਪਾਸੇ ਕ੍ਰਿਕਟ ਦਾ ਮਾਹੌਲ ਸੀ। ਇਸ ਵਾਰ 'ਯਾਰੀ ਜੱਟ ਦੀ' ਵਿਚ ਵਰਿੰਦਰ ਨੇ ਵਲਾਇਤ ਵਿਚ ਪ੍ਰਚਲਤ ਹੋ ਚੁਕੇ ਵਿਦੇਸ਼ੀ ਧੁਨਾਂ ਤੇ ਅਧਾਰਿਤ ਪੰਜਾਬੀ ਲੋਕ-ਗੀਤਾਂ ਅਤੇ ਗਾਇਕਾਂ ਨੂੰ ਕੈਸ਼ ਕੀਤਾ ਹੈ। ਅਸੀਂ ਪਿਛੇ ਜਿਹੇ ਲਿਖਿਆ ਸੀ ਕਿ ਇੰਗਲੈਂਡ ਦੇ ਇਹਨਾਂ ਗਾਇਕਾਂ ਦੇ ਗੀਤਾਂ ਦੀਆਂ ਕੈਸਿਟਾਂ ਪੰਜਾਬ ਵਿਚ ਜਾਅਲੀ ਤੌਰ ਤੇ ਕਈ ਰਿਕਾਰਡਿੰਗ ਕੰਪਨੀਆਂ ਨੇ ਮਾਰਕੀਟ ਕਰ ਦਿਤੀਆਂ ਹਨ ਅਤੇ ਇਹ ਗਾਣੇ ਇਥੇ ਵੀ ਸਾਡੇ ਨੌਜੁਆਨ ਮੁੰਡੇ ਕੁੜੀਆਂ ਵਿਚ ਇੰਨੇ ਵੱਧ ਪ੍ਰਚਲਿਤ ਹੋ ਗਏ ਹਨ ਕਿ ਲੁਧਿਆਣੇ ਦੇ ਸਭ ਤੂੰਬੀ ਮਾਸਟਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਇਕ ਪਾਸੇ ਵਿਆਹ-ਸ਼ਾਦੀਆਂ ਵਿਚ ਗਾਉਣ-ਵਜਾਉਣ ਦਾ ਸਿਲਸਿਲਾ ਬੰਦ ਹੋ ਚੁਕਾ ਹੈ ਤੇ ਦੂਜੇ ਪਾਸੇ ਕੁਝ ਇਕ ਤੂੰਬੀ ਵਾਲਿਆਂ ਨੇ ਜੋ ਕੈਸਟਾਂ ਰਿਕਾਰਡ ਕਰਕੇ ਰਲੀਜ਼ ਕੀਤੀਆਂ ਸਨ, ਉਹ ਇਸ ਵਲਾਇਤੀ ਨ੍ਹੇਰੀ ਨੇ ਹੂੰਝ ਕੇ ਰੱਖ ਦਿੱਤੀਆਂ ਹਨ। ਵਰਿੰਦਰ ਦੀ ਇਸ ਫਿਲਮ ਦਾ ਸਭ ਤੋਂ ਮਜ਼ਬੂਤ ਪੱਖ ਪੱਛਮੀ ਬੀਟ ਤੇ ਅਧਾਰਿਤ ਲੋਕ-ਗੀਤ ਹੀ ਕਿਹਾ ਜਾਵੇਗਾ। ਇੰਗਲੈਂਡ ਦੇ ਗਾਇਕ ਮੰਗਲ ਦੇ ਗਾਏ ਹੋਏ ਗੀਤ ਇਕ ਵਾਰੀ ਆਖ ਤੈਨੂੰ ਸੌਂਹ ਮੇਰੇ ਪਿਆਰ ਦੀ ਅਤੇ 'ਨੱਚ ਲੈ ਗੋਰੀਏ' ਹਰ ਪਾਸੇ ਵੱਜਦਾ ਸੁਣਾਈ ਦੇਵੇਗਾ। ਇਸ ਦੇ ਨਾਲ ਹੀ ਵਰਿੰਦਰ ਨੇ ਫਿਲਮ ਦੀ ਜ਼ਿਆਦਾ ਸ਼ੂਟਿੰਗ ਵਲਾਇਤ ਦੀਆਂ ਸੜਕਾਂ ਤੇ ਕਰਕੇ ਪੰਜਾਬੀ ਦਰਸ਼ਕਾਂ ਲਈ ਹੋਰ ਖਿਚ ਪੈਦਾ ਕੀਤੀ ਹੈ।

ਅੰਤ ਵਿਚ ਅਸੀਂ ਇਹੀ ਕਹਾਂਗੇ ਕਿ ਵਰਿੰਦਰ ਨੇ ਇਕ ਵਾਰ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬੀ ਦਾ ਸਭ ਤੋਂ ਵੱਧ ਸਫਲ ਨਿਰਦੇਸ਼ਕ ਹੈ ਤੇ ਹਰ ਫਿਲਮ ਬਣਾਉਣ ਸਮੇਂ ਦਰਸ਼ਕਾਂ ਦੀ ਨਬਜ਼ ਫੜਨ ਦਾ ਖਾਸ ਧਿਆਨ ਰੱਖਦਾ ਹੈ।

## ਵੈਨਕੂਵਰ ਵਿਚ 9 ਅਕਤੂਬਰ ਨੂੰ ਮਿਲੋ ਗੋਵਿੰਦਾ



## ਬਲਵੰਤ ਗਾਰਗੀ ਦੀ ਫ਼ਿਲਮ ਦੀ ਸ਼ੁਰੂਆਤ

ਪੰਜਾਬੀ ਲੇਖਕ ਤੇ ਨਾਟਕਕਾਰ ਬਲਵੰਤ ਗਾਰਗੀ ਇਹਨੀਂ ਦਿਨੀਂ ਬੰਬਈ ਦੀ ਫਿਲਮ ਇੰਡਸਟਰੀ ਵਿਚ ਕਾਫੀ ਚਰਚਿਤ ਨਾਂ ਬਣਿਆ ਹੋਇਆ ਹੈ। ਸੰਜੈ ਖਾਨ ਦੀ ਨਵੀਂ ਫਿਲਮ 'ਸਰਜ਼ਮੀਨ' ਦੀ ਸ਼ੂਟਿੰਗ ਸ਼ੁਰੂ ਹੋ ਚੁਕੀ ਹੈ ਜਿਸ ਦੀ ਕਹਾਣੀ ਅਤੇ ਸਕਰੀਨ-ਪਲੇ ਬਲਵੰਤ ਗਾਰਗੀ ਨੇ ਲਿਖਿਆ ਹੈ। ਬਲਵੰਤ ਗਾਰਗੀ ਨੂੰ ਫਿਲਮੀ ਦੁਨੀਆਂ ਦੀਆਂ ਰੰਗੀਨ ਪਾਰਟੀਆਂ ਵਿਚ ਸ਼ਾਮਲ ਹੋਣ ਦਾ ਸ਼ੁਰੂ ਤੋਂ ਹੀ ਸ਼ੌਂਕ ਰਿਹਾ ਹੈ। ਇਸ ਸਮੇਂ ਤੱਕ ਫਿਲਮ ਇੰਡਸਟਰੀ ਦੇ ਬਹੁਤ ਸਾਰੇ ਲੋਕ ਉਸ ਦੇ ਦੋਸਤ ਬਣ ਚੁਕੇ ਹਨ। ਵੱਡੀਆਂ ਵੱਡੀਆਂ ਹੀਰੋਇਨਾਂ ਉਸ ਨਾਲ ਕਾਰਾਂ ਵਿਚ ਘੁੰਮਦੀਆਂ ਫਿਰਦੀਆਂ ਦੇਖੀਆਂ ਜਾਂਦੀਆਂ ਰਹੀਆਂ ਹਨ। ਫਿਲਮੀ ਮਾਹੌਲ ਨਾਲ ਗਾਰਗੀ ਦੇ ਜੁੜਨ ਦਾ ਇਕ ਕਾਰਨ ਇਹ ਵੀ ਰਿਹਾ ਹੈ ਕਿ ਉਸ ਦੇ ਨਾਟਕਾਂ ਦੇ ਬਹੁਤ ਸਾਰੇ ਕਲਾਕਾਰ ਫਿਲਮ ਲਾਈਨ ਵਿਚ ਗਏ ਤੇ ਉਹਨਾਂ ਨੇ ਉਥੇ ਆਪਣੀ ਇਕ ਖਾਸ ਜਗ੍ਹਾ ਬਣਾਈ ਹੈ। ਅੱਜ ਦੇ ਦੌਰ ਦਾ ਵੱਡਾ ਖਲਨਾਇਕ ਅਨੂਪਮ ਖੇਰ ਬੜੇ ਫਖਰ ਨਾਲ ਗਾਰਗੀ ਦਾ ਸ਼ਾਗਿਰਦ ਹੋਣ ਦਾ ਮਾਣ ਮਹਿਸੂਸ ਕਰ ਰਿਹਾ ਹੈ। ਗਾਰਗੀ ਨੂੰ ਵੀ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਉਸ ਦਾ ਇਹ ਸ਼ਾਗਿਰਦ ਉਸ ਵਲੋਂ ਲਿਖੀ ਗਈ ਪਹਿਲੀ ਫਿਲਮ 'ਸਰਜ਼ਮੀਨ' ਵਿਚ ਮੁਖ ਖਲਨਾਇਕ ਦਾ ਰੋਲ ਅਦਾ ਕਰ ਰਿਹਾ ਹੈ ਸੰਜੈ ਖਾਨ ਦੀ ਫਿਲਮ ਦੇ ਮਹੂਰਤ ਉਤੇ ਗਾਰਗੀ ਦੇ ਪ੍ਰਸ਼ੰਸਕਾਂ ਦੀ ਵੱਡੀ ਭੀੜ ਉਹਨੂੰ ਵਧਾਈ ਦੇਣ ਆਈ ਹੋਈ ਸੀ। ਨਿਰਮਾਤਾ ਨਿਰਦੇਸ਼ਕ ਸੰਜੈ ਖਾਨ ਖੁਦ ਬਲਵੰਤ ਗਾਰਗੀ ਦਾ ਫੈਨ ਤੇ ਦੋਸਤ ਹੈ।

## 'ਦੇਵੀ' ਦਾ ਪ੍ਰਸ਼ੰਸਕ ਫਿਲਮੀ ਖਲਨਾਇਕ

ਫਿਲਮ ਲਾਈਨ ਵਿਚ ਘੱਟ ਬੰਦੇ ਹੀ ਅਜਿਹੇ ਮਿਲਣਗੇ ਜੋ ਦਿਲੋਂ ਕਿਸੇ ਦੀ ਪ੍ਰਸ਼ੰਸਾ ਕਰਨ। ਆਮ ਤੌਰ 'ਤੇ ਫਿਲਮਾਂ ਵਾਲੇ ਇਕ ਦੂਜੇ ਨੂੰ ਮਿਲਦਿਆਂ ਸਾਰ ਬੜਾ ਮੁਸਕਰਾ ਕੇ ਸ਼ੁਭ ਕਾਮਨਾਵਾਂ ਦੇਣਗੇ ਪਰ ਥੋੜ੍ਹਾ ਦੂਰ ਹੁੰਦਿਆਂ ਹੀ ਮਨ ਵਿਚ ਮਾਂ-ਭੈਣ ਦੀ ਬੜੀ ਵੱਡੀ ਗਾਲ੍ਹ ਕੱਢਣਗੇ। ਇਹ ਗੱਲ ਫਿਲਮ ਲਾਈਨ ਵਿਚ ਪ੍ਰਚਲਿਤ ਰਵਾਇਤ ਬਣ ਚੁਕੀ ਹੈ। ਦਿਲੀ ਤੌਰ 'ਤੇ ਪ੍ਰਸ਼ੰਸਾ ਕਰਨ ਦੇ ਮਾਮਲੇ ਵਿਚ ਅਸੀਂ ਖਲਨਾਇਕ ਅਨੂਪਮ ਖੇਰ ਦੀ ਪ੍ਰਸ਼ੰਸਾ ਕਰਨੋਂ ਨਹੀਂ ਰਹਿ ਸਕਦੇ। ਅਨੂਪਮ ਇਕ ਫਿਲਮੀ ਪੱਤਰਕਾਰ ਦੇਵਿਆਨੀ ਚੌਬਾਲ (ਦੇਵੀ) ਦਾ ਸ਼ੁਰੂ ਤੋਂ ਹੀ ਪ੍ਰਸ਼ੰਸਕ ਰਿਹਾ ਹੈ। ਫਿਲਮੀ ਪਰਚੇ 'ਸਟਾਰ ਐਂਡ ਸਟਾਈਲ' ਵਿਚ ਦੇਵੀ ਦਾ ਕਾਲਮ 'ਫਰੈਂਕਲੀ ਸਪੀਕਿੰਗ' ਕਈ ਸਾਲਾਂ ਤੋਂ ਚੱਲ ਰਿਹਾ ਹੈ ਜਿਸ ਵਿਚ ਉਹ ਫਿਲਮੀ ਲੋਕਾਂ ਤੇ ਤਿੱਖਾ ਕਿੰਤੂ ਕਰਦੀ ਹੈ। ਸ਼ੁਰੂ ਸ਼ੁਰੂ ਵਿਚ ਦੇਵੀ ਨੇ ਅਨੂਪਮ ਖੇਰ ਦਾ ਕਾਫੀ ਮਜ਼ਾਕ ਉਡਾਇਆ। ਉਹ ਲਿਖਦੀ ਰਹੀ ਤੇ ਜਿਸ ਪਾਰਟੀ ਵਿਚ ਅਨੂਪਮ ਖੇਰ ਜਾਂਦਾ ਹੈ, ਉਥੇ ਬਹੁਤੀਆਂ ਲਾਈਟਾਂ ਦੀ ਲੋੜ ਨਹੀਂ ਕਿਉਂਕਿ ਅਨੂਪਮ ਖੇਰ ਦੇ ਗੰਜੇ ਸਿਰ ਤੋਂ ਹੀ ਸਾਰੇ ਪਾਸੇ ਲਾਈਟਾਂ ਰੀਫਲੈਕਟ ਹੋ ਸਕਦੀਆਂ ਹਨ।

ਅਨੂਪਮ ਖੇਰ ਉਸ ਦੇ ਵਿਰੁੱਧ ਕੁਝ ਨਹੀਂ ਬੋਲਿਆ ਸਗੋਂ ਫਿਰ ਕਹਿੰਦਾ ਰਿਹਾ ਕਿ ਉਹ ਉਸ ਦਾ ਫੈਨ ਹੈ। ਕੁਝ ਦੇਰ ਬਾਅਦ ਦੇਵੀ ਨੂੰ ਅਧਰੰਗ ਦਾ ਦੌਰਾ ਪਿਆ ਤੇ ਉਹ ਹਸਪਤਾਲ ਦਾਖਲ ਹੋ ਗਈ। ਅਨੂਪਮ ਨੇ ਹਰ ਰੋਜ਼ ਉਸ ਨੂੰ ਸ਼ੁਭ ਕਾਮਨਾਵਾਂ ਲਈ ਫੁੱਲਾਂ ਦੀ ਗੁਲਦਸਤਾ ਭੇਜਣਾ ਸ਼ੁਰੂ ਕਰ ਦਿੱਤਾ। ਇਹ ਸਿਲਸਿਲਾ ਹਰ ਰੋਜ਼ ਜਾਰੀ ਰਿਹਾ। ਹੁਣ ਜਦੋਂ ਕਿ ਦੇਵੀ ਨੂੰ ਹਸਪਤਾਲੋਂ ਆਈ ਨੂੰ ਕਈ ਮਹੀਨੇ ਹੋ ਚੁਕੇ ਹਨ ਤੇ ਉਹ ਅਪੰਗ ਹੋ ਕੇ ਘਰ ਪਈ ਹੋਈ ਹੈ, ਅਨੂਪਮ ਖੇਰ ਵੱਲੋਂ ਅਜੇ ਵੀ ਹਰ ਸਵੇਰ ਫੁੱਲਾਂ ਦਾ ਇਕ ਗੁਲਦਸਤਾ ਦੇਵੀ ਦੀ ਦਹਿਲੀਜ਼ ਤੇ ਪਹੁੰਚਦਾ ਹੈ। ਦੇਵੀ ਨੇ ਹੁਣ ਖੁਦ ਅਨੂਪਮ ਬਾਰੇ ਲਿਖਦਿਆਂ ਕਿਹਾ ਹੈ ਕਿ ਮੇਰੇ ਇਸ ਪ੍ਰਸ਼ੰਸਕ ਨੇ ਮੇਰੀ ਜ਼ਿੰਦਗੀ ਦਾ ਸਮਾਂ ਹੋਰ ਲੰਮਾ ਕਰ ਦਿੱਤਾ ਹੈ। ਮੈਨੂੰ ਲੱਗਦਾ ਹੈ ਕਿ ਉਸ ਦੀਆਂ ਇਹੀ ਦਿਲੀ ਕਾਮਨਾਵਾਂ ਮੈਨੂੰ ਅਜੇ ਛੇਤੀ ਮਰਨ ਨਹੀਂ ਦੇਣਗੀਆਂ।

## ਗੀਤਕਾਰ ਰਾਜਿੰਦਰ ਕ੍ਰਿਸ਼ਨ ਚਲ ਵਸੇ

ਬੰਬਈ — ਹਿੰਦੀ ਫਿਲਮਾਂ ਦੇ ਉਘੇ ਗੀਤਕਾਰ ਤੇ ਸੰਵਾਦ ਲੇਖਕ ਰਾਜਿੰਦਰ ਕ੍ਰਿਸ਼ਨ ਚਲ ਵਸੇ। ਉਹ 68 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਚਾਰ ਲੜਕੇ ਤੇ ਦੋ ਲੜਕੀਆਂ ਛੱਡ ਗਏ ਹਨ। ਸ੍ਰੀ ਰਾਜਿੰਦਰ ਕ੍ਰਿਸ਼ਨ ਨੇ 800 ਤੋਂ ਵੱਧ ਫਿਲਮਾਂ ਲਈ ਗੀਤ ਲਿਖੇ।

NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Off: 685-7364 Bhupinder Dhaliwal Res: 589-1559


Bhupinder Dhaliwal

ਵੈਨਕੂਵਰ ਵਿੱਚ ਸਭ ਤੋਂ ਵੱਡੀ, ਵਧੀਆ ਤੇ ਸਾਫ ਸੁਥਰੀ ਦੁਕਾਨ



ਨਰੇਸ਼ ਸ਼ੁਕਲਾ

# ਬੰਬੇ ਸਵੀਟਸ ਮੈਨੂਫੈਕਚਰਰ ਇਨਕ.

# Bombay Sweets Manufacturer Inc.

6556 - 6560 Main St., Vancouver, B.C.

ਬੰਬੇ ਸਵੀਟਸ ਹਫ਼ਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

Best Indian Sweet Manufacturer With Largest Variety

ਕਰਵਾ ਚੌਥ ਦਾ ਵਰਤ

10 ਅਕਤੂਬਰ, 1987 — ਸ਼ਨਿਚਰਵਾਰ

$2.50 ਪੌਂਡ ਵਾਲੇ ਲੱਡੂ $1.75 LB

$2.50 ਪੌਂਡ ਵਾਲੀਆਂ ਜਲੇਬੀਆਂ $1.49 LB.

## ਦੀਵਾਲੀ ਦੀਆਂ

ਤਿਆਰੀਆਂ ਜ਼ੋਰ ਸ਼ੋਰ ਨਾਲ ਸ਼ੁਰੂ

## ਵਧੀਆ ਕੁਆਲਿਟੀ ਦੀਆਂ ਮਠਿਆਈਆਂ ਲਈ ਇਕੋ ਇਕ ਦੁਕਾਨ

• ਖੋਏ ਦੇ ਪੇੜੇ • ਮੇਸੂ • ਪਤੀਸਾ • ਬਦਾਮਾਂ ਦੀ ਬਰਫੀ • ਚੌਕਲੇਟ ਬਰਫੀ • ਕਾਲੇ ਜਾਮਣ • ਠੰਡੇ ਰਸਗੁੱਲੇ • ਚਮਚਮ • ਖੋਏ ਦੇ ਸੈਂਡਵਿਚ • ਸਪੈਸ਼ਲ ਖੋਇਆ (ਮਿਠੇ ਵਾਲਾ ਤਾ ਮਿਠੇ ਤੋਂ ਬਿਨਾਂ) • ਅੰਮ੍ਰਿਤੀਆਂ • ਬਦਾਣਾ — ਗੱਲ ਕੀ ਹਰ ਕਿਸਮ ਦੀ ਮਠਿਆਈ

ਬਾਹਰਲੇ ਸ਼ਹਿਰਾਂ ਵਾਲੇ ਟੌਲ ਫਰੀ ਫੋਨ ਕਰੋ ਤੇ ਮਠਿਆਈਆਂ ਦੇ ਆਰਡਰ ਤੁਹਾਡੇ ਘਰ ਪਹੁੰਚਦੇ ਹੋਣਗੇ

TOLL FREE PHONE **1-800-663-1070**

**Ph. (604) 321-1414 Or 874-5722**

**Contact: Naresh Shukla & Bros.**

# GILL AUTO SALES

DLR #8220

7762 - Edmonds St., Burnaby, B.C.

**Ph. 522- 2122**

## ਨਵੀਆਂ ’ਤੇ ਪੁਰਾਣੀਆਂ ਹਰ Make ਦੀਆਂ ਕਾਰਾਂ

# ਸਪੈਸ਼ਲ ਸੇਲ ਉਤੇ ਹਨ

### ਨਵੀਆਂ ਕਾਰਾਂ ਸਪੈਸ਼ਲ ਰੇਟਾਂ ਉਤੇ ਅਸੀਂ ਲੈ ਕੇ ਦੇ ਸਕਦੇ ਹਾਂ

**Special Brake Job**

Front Brakes

**$55.00**

Rear Brakes

**$45.00**

ਅੱਜ ਹੀ ਫੋਨ ਕਰੋ ਜਾਂ ਮਿਲੋ

**ਪ੍ਰਲਾਦ ਗਿੱਲ**

**Ph. 522-2122**

ਤੁਹਾਡੇ ਸੈਂਕੜੇ ਡਾਲਰਾਂ ਦੀ

ਬੱਚਤ ਕਰ ਸਕਦੇ ਹਾਂ

**SPECIAL TUNE-UP RATES**

| | |
|---|---|
| 4 cyl. | $24+Parts |
| 6 cyl. | $34+Parts |
| 8 cyl. | $44+Parts |



# SPECIAL RATE FOR:

**GILL VAN CONVERSION**

Special van interior from **$699.00 each**
Brand new bench seats from **$250.00 each**
Captain chairs from **$195.00 ea.**
Sofa beds from **$425.00 ea.**

*Full line of van accessery also available*
*Come & ask for free estimate*
*No obligation or*

**GILL AUTO REPAIR**

- Certified mechanic
- Cheapest rate
- Guaranteed work

***For more information call:***

**Ph. 522-2122**

Parlad Gill

# ਗਿੱਲ ਆਟੋ ਸੇਲਜ਼

7762 - ਇਡਮੰਡਜ਼ ਸਟਰੀਟ, ਬਰਨਬੀ, ਬੀ. ਸੀ.

ਫ਼ੋਨ : 522-2122